HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 13.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augest- 2024 | Published in Punjab | Pages 8


## ਡਾਕਟਰਾਂ ਦੀ ਹੜਤਾਲ ਜਾਰੀ, ਅੱਜ ਤੋਂ OPD ਵੀ ਬੰਦ




ਕੋਲਕਾਤਾ 'ਚ ਇਕ ਰੈਜ਼ੀਡੈਂਟ ਡਾਕਟਰ ਨਾਲ ਹੋਏ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਤੋਂ ਬਾਅਦ ਦੇਸ਼ ਭਰ ਦੇ ਡਾਕਟਰਾਂ 'ਚ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ। ਹਜ਼ਾਰਾਂ ਰੈਜ਼ੀਡੈਂਟ ਡਾਕਟਰ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕਰ ਰਹੇ ਹਨ ਅਤੇ ਪੀੜਤ ਨੂੰ ਇਨਸਾਫ਼ ਮਿਲਣ ਤੱਕ ਕੰਮ ਬੰਦ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਘਟਨਾ ਕਾਰਨ ਦੇਸ਼ ਭਰ ਦੇ ਸਰਕਾਰੀ ਹਸਪਤਾਲਾਂ ਦੀ ਸਥਿਤੀ ਅੱਜ ਤੋਂ ਹੋਰ ਵੀ ਗੰਭੀਰ ਹੋ ਸਕਦੀ ਹੈ, ਕਿਉਂਕਿ ਰੈਜ਼ੀਡੈਂਟ ਡਾਕਟਰਾਂ ਨੇ ਓਪੀਡੀ ਸੇਵਾਵਾਂ ਵੀ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਫੈਡਰੇਸ਼ਨ ਆਫ ਆਲ ਇੰਡੀਆ ਮੈਡੀਕਲ ਐਸੋਸੀਏਸ਼ਨ (ਫੈਮਾ) ਨੇ 13 ਅਗਸਤ ਤੋਂ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਦੇ ਹਿੱਸੇ ਵਜੋਂ ਓਪੀਡੀ ਅਤੇ ਚੋਣਵੇਂ ਸੇਵਾਵਾਂ ਨੂੰ ਬੰਦ ਕਰਨ ਦਾ ਸੱਦਾ ਦਿੱਤਾ ਹੈ। ਇਹ ਵਿਰੋਧ 9 ਅਗਸਤ ਨੂੰ ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਨਿਵਾਸੀ (ਪੀਜੀਟੀ) ਡਾਕਟਰ ਦੀ ਜਿਨਸੀ ਸ਼ੋਸ਼ਣ ਅਤੇ ਉਸ ਤੋਂ ਬਾਅਦ ਹੱਤਿਆ ਦੀ ਘਟਨਾ ਦੇ ਖ਼ਿਲਾਫ਼ ਹੈ। ਇਸ ਘਟਨਾ ਤੋਂ ਬਾਅਦ ਪੱਛਮੀ ਬੰਗਾਲ ਦੇ ਡਾਕਟਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ, ਜੋ ਹੁਣ ਹੌਲੀ-ਹੌਲੀ ਪੂਰੇ ਦੇਸ਼ ਵਿੱਚ ਫੈਲ ਗਿਆ ਹੈ।ਦੱਸ ਦੇਈਏ ਕਿ 9 ਅਗਸਤ ਨੂੰ ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸੈਮੀਨਾਰ ਹਾਲ ਵਿੱਚ ਇੱਕ ਮਹਿਲਾ ਡਾਕਟਰ ਦੀ ਲਾਸ਼ ਮਿਲੀ ਸੀ। 31 ਸਾਲਾ ਪੋਸਟ ਗ੍ਰੈਜੂਏਟ ਰੈਜ਼ੀਡੈਂਟ ਡਾਕਟਰ ਦਾ 8 ਅਗਸਤ ਦੀ ਰਾਤ ਨੂੰ ਕਥਿਤ ਤੌਰ 'ਤੇ ਜਿਨਸੀ ਸ਼ੋਸ਼ਣ ਅਤੇ ਕਤਲ ਕਰ ਦਿੱਤਾ ਗਿਆ ਸੀ। ਅਧਿਕਾਰੀਆਂ ਨੇ ਚੈਸਟ ਮੈਡੀਸਨ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਦੂਜੇ ਸਾਲ ਦੇ ਇੱਕ ਵਿਦਿਆਰਥੀ ਦੀ ਅਰਧ-ਨਗਨ ਲਾਸ਼ ਬਰਾਮਦ ਕੀਤੀ, ਜਿਸ ਵਿੱਚ ਕਈ ਸੱਟਾਂ ਦੇ ਨਿਸ਼ਾਨ ਸਨ। ਇਸ ਘਟਨਾ ਤੋਂ ਬਾਅਦ ਡਾਕਟਰ ਪੀੜਤਾ ਲਈ ਇਨਸਾਫ ਦੀ ਮੰਗ ਕਰ ਰਹੇ ਹਨ।

## ਆਤਿਸ਼ੀ 15 ਅਗਸਤ ਨਹੀਂ ਲਹਿਰਾ ਸਕੇਗੀ ਕੇਜਰੀਵਾਲ ਦੀ ਜਗ੍ਹਾ ਰਾਸ਼ਟਰੀ ਝੰਡਾ



ਆਜ਼ਾਦੀ ਦਿਹਾੜੇ 'ਤੇ ਦਿੱਲੀ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜਗ੍ਹਾ ਆਤਿਸ਼ੀ ਨੇ ਝੰਡਾ ਲਹਿਰਾਉਣਾ ਸੀ। ਕੇਜਰੀਵਾਲ ਨੇ ਜੇਲ੍ਹ ਦੇ ਅੰਦਰ ਰਹਿੰਦੇ ਹੋਏ ਇਹ ਇੱਛਾ ਜਤਾਈ ਸੀ ਕਿ 15 ਅਗਸਤ ਨੂੰ ਛਤਰਸਾਲ ਸਟੇਡੀਅਮ 'ਚ ਹੋਣ ਵਾਲੇ ਪ੍ਰੋਗਰਾਮ 'ਚ ਆਤਿਸ਼ੀ ਉਨ੍ਹਾਂ ਦੀ ਜਗ੍ਹਾ ਝੰਡਾ ਲਹਿਰਾਏ ਪਰ ਇਸ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ ਗਿਆ ਹੈ। ਦਿੱਲੀ ਸਰਕਾਰ ਦੇ ਜਨਰਲ ਐਡਮਿਨੀਸਟ੍ਰੇਸ਼ਨ ਡਿਪਾਰਟਮੈਂਟ (ਜੀ.ਏ.ਡੀ.) ਨੇ ਕੇਜਰੀਵਾਲ ਦੇ ਇਸ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ ਹੈ। ਇਸ ਤੋਂ ਬਾਅਦ ਹੁਣ ਇਹ ਸਾਫ਼ ਹੋ ਗਿਆ ਹੈ ਕਿ ਆਤਿਸ਼ੀ ਆਜ਼ਾਦੀ ਦਿਹਾੜੇ ਮੌਕੇ ਦਿੱਲੀ 'ਚ ਹੋਣ ਵਾਲੇ ਪ੍ਰੋਗਰਾਮ 'ਚ ਰਾਸ਼ਟਰੀ ਝੰਡਾ ਨਹੀਂ ਲਹਿਰਾ ਸਕੇਗੀ। ਇਸ ਪ੍ਰਸਤਾਵ ਨੂੰ ਖਾਰਜ ਕਰਦੇ ਸਮੇਂ ਨਿਯਮਾਂ ਦਾ ਹਵਾਲਾ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਜੇਲ੍ਹ 'ਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 15 ਅਗਸਤ ਨੂੰ ਝੰਡਾ ਲਹਿਰਾਉਣ ਦੇ ਸੰਬੰਧ 'ਚ ਉੱਪ ਰਾਜਪਾਲ ਨੂੰ ਚਿੱਠੀ ਲਿਖੀ ਸੀ। ਚਿੱਠੀ 'ਚ ਕੇਜਰੀਵਾਲ ਨੇ ਦੱਸਿਆ ਸੀ ਕਿ ਦਿੱਲੀ 'ਚ ਆਜ਼ਾਦੀ ਦਿਹਾੜੇ ਮੌਕੇ 'ਤੇ 15 ਅਗਸਤ ਨੂੰ ਮੰਤਰੀ ਆਤਿਸ਼ੀ ਝੰਡਾ ਲਹਿਰਾਏਗੀ। ਦਿੱਲੀ 'ਚ ਆਜ਼ਾਦੀ ਦਿਹਾੜੇ ਮੌਕੇ ਹਰ ਸਾਲ ਦਿੱਲੀ ਸਰਕਾਰ ਛਤਰਸਾਲ ਸਟੇਡੀਅਮ 'ਚ ਪ੍ਰੋਗਰਾਮ ਆਯੋਜਿਤ ਕਰਦੀ ਹੈ, ਜਿਸ 'ਚ ਮੁੱਖ ਮੰਤਰੀ ਝੰਡਾ ਲਹਿਰਾਉਂਦੇ ਹਨ ਪਰ ਇਸ ਵਾਰ ਕੇਜਰੀਵਾਲ ਜੇਲ੍ਹ 'ਚ ਹਨ, ਇਸ ਲਈ ਉਨ੍ਹਾਂ ਨੇ ਆਪਣੀ ਕੈਬਨਿਟ ਮੰਤਰੀ ਆਤਿਸ਼ੀ ਨੂੰ ਝੰਡਾ ਲਹਿਰਾਉਣ ਲਈ ਅਧਿਕਾਰ ਦਿੱਤਾ ਸੀ।

## ਮਨੂ ਭਾਕਰ ਤੇ ਨੀਰਜ ਚੋਪੜਾ ਦਾ ਕੀ ਹੋਵੇਗਾ ਵਿਆਹ?



ਭਾਰਤ ਦੇ ਨੌਜਵਾਨ ਨਿਸ਼ਾਨੇਬਾਜ਼ ਮਨੂ ਭਾਕਰ ਅਤੇ ਨੀਰਜ ਚੋਪੜਾ ਦੇ ਵਿਆਹ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਾ ਹੋ ਰਹੀ ਹੈ। ਇਸ ਦੌਰਾਨ ਮਨੂ ਦੇ ਪਿਤਾ ਦਾ ਬਿਆਨ ਵੀ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਨੀਰਜ ਸਾਡੇ ਬੇਟੇ ਵਰਗਾ ਹੈ। ਮਨੂ ਦੇ ਪਿਤਾ ਰਾਮ ਕਿਸ਼ਨ ਨੇ ਦੋਵਾਂ ਦੇ ਵਿਆਹ ਨੂੰ ਲੈ ਕੇ ਚੱਲ ਰਹੀਆਂ ਖ਼ਬਰਾਂ ਨੂੰ ਗ਼ਲਤ ਕਰਾਰ ਦਿੱਤਾ ਹੈ।ਇਸ ਬਾਰੇ ਮਨੂ ਦੇ ਪਿਤਾ ਰਾਮ ਕਿਸ਼ਨ ਨੇ ਕਿਹਾ, "ਮਨੂੰ ਅਜੇ ਬਹੁਤ ਛੋਟੀ ਹੈ...ਉਸ ਦੇ ਵਿਆਹ ਦੀ ਉਮਰ ਵੀ ਨਹੀਂ ਹੈ। ਅਜੇ ਤੱਕ ਇਸ ਬਾਰੇ ਸੋਚਿਆ ਵੀ ਨਹੀਂ ਹੈ।" ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ, ''ਮਨੂੰ ਦੀ ਮਾਂ ਨੀਰਜ ਨੂੰ ਆਪਣੇ ਬੇਟੇ ਵਾਂਗ ਮੰਨਦੀ ਹੈ'' ਅਤੇ ਨਾਲ ਹੀ, ''ਜਿਸ ਤਰ੍ਹਾਂ ਨੀਰਜ ਨੇ ਮੈਡਲ ਜਿੱਤਿਆ, ਪੂਰੇ ਦੇਸ਼ ਨੂੰ ਇਸ ਬਾਰੇ ਪਤਾ ਲੱਗ ਗਿਆ...ਇਸੇ ਤਰ੍ਹਾਂ, ਜਦੋਂ ਉਹ ਵਿਆਹ ਕਰੇਗਾ ਤਾਂ ਸਭ ਨੂੰ ਪਤਾ ਲੱਗ ਜਾਵੇਗਾ।”ਦੱਸ ਦੇਈਏ ਕਿ ਭਾਰਤੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਪੈਰਿਸ ਓਲੰਪਿਕ ਵਿੱਚ ਦੋ ਕਾਂਸੀ ਦੇ ਤਗਮੇ ਜਿੱਤੇ ਸਨ, ਜਿਨ੍ਹਾਂ ਵਿੱਚੋਂ ਇੱਕ ਸਿੰਗਲਜ਼ 10 ਮੀਟਰ ਏਅਰ ਪਿਸਟਲ ਵਿੱਚ ਅਤੇ ਦੂਜਾ ਸਰਬਜੋਤ ਸਿੰਘ ਨਾਲ ਮਿਕਸਡ ਈਵੈਂਟ ਵਿੱਚ ਜਿੱਤਿਆ ਸੀ। ਮਨੂ ਭਾਕਰ ਇੱਕ ਹੀ ਓਲੰਪਿਕ ਵਿੱਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਅਥਲੀਟ ਬਣ ਗਈ ਹੈ। ਪੈਰਿਸ ਓਲੰਪਿਕ ਦੀ ਸਮਾਪਤੀ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ 'ਚ ਮਨੂ ਦੀ ਮਾਂ ਸੁਮੇਧਾ ਅਤੇ ਨੀਰਜ ਚੋਪੜਾ ਵਿਚਾਲੇ ਗੱਲਬਾਤ ਹੁੰਦੀ ਨਜ਼ਰ ਆ ਰਹੀ ਹੈ। ਇਸ ਵੀਡੀਓ 'ਚ ਮਨੂ ਦੇ ਪਿਤਾ ਰਾਮ ਕਿਸ਼ਨ ਵੀ ਨਜ਼ਰ ਆ ਰਹੇ ਹਨ, ਜਿਨ੍ਹਾਂ ਦੇ ਪੈਰ ਛੂਹਣ ਦਾ ਦ੍ਰਿਸ਼ ਵੀ ਸ਼ਾਮਲ ਹੈ।ਦਰਅਸਲ ਪੈਰਿਸ ਓਲੰਪਿਕ ਦੀ ਸਮਾਪਤੀ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ 'ਚ ਨੀਰਜ ਚੋਪੜਾ ਮਨੂ ਭਾਕਰ ਦੀ ਮਾਂ ਸੁਮੇਧਾ ਭਾਕਰ ਦੇ ਸਿਰ 'ਤੇ ਹੱਥ ਰੱਖਦੇ ਨਜ਼ਰ ਆ ਰਹੇ ਹਨ। ਇਸ ਵੀਡੀਓ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਹੈ ਜਿਵੇਂ ਉਹ ਨੀਰਜ ਤੋਂ ਕੋਈ ਵਾਅਦਾ ਲੈ ਰਹੀ ਹੈ। ਲੋਕਾਂ ਨੇ ਇਸ ਨੂੰ ਮਨੂ ਅਤੇ ਨੀਰਜ ਦੇ ਵਿਆਹ ਨਾਲ ਜੋੜਿਆ ਅਤੇ ਇਹ ਤੇਜ਼ੀ ਨਾਲ ਵਾਇਰਲ ਹੋ ਗਿਆ। ਜਦੋਂ ਇਨ੍ਹਾਂ ਦੋਵਾਂ ਸਟਾਰ ਖਿਡਾਰੀਆਂ ਵਿਚਾਲੇ ਵਿਆਹ ਦੀਆਂ ਅਫਵਾਹਾਂ ਫੈਲਣ ਲੱਗੀਆਂ ਤਾਂ ਮਨੂ ਦੇ ਪਿਤਾ ਰਾਮ ਕਿਸ਼ਨ ਨੇ ਇਸ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ।

## ਫੋਰਟ ਸੇਂਟ ਜਾਰਜ ਮਿਊਜ਼ੀਅਮ 'ਚ ਸੁਰੱਖਿਅਤ ਰੱਖਿਆ ਹੈ 15 ਅਗਸਤ 1947 ਨੂੰ ਲਹਿਰਾਇਆ ਗਿਆ ਤਿਰੰਗਾ




ਚੇਨਈ ਦੇ ਸਦੀਆਂ ਪੁਰਾਣੇ ਫੋਰਟ ਸੇਂਟ ਜਾਰਜ ਖੇਤਰ 'ਚ ਸਥਿਤ ਇਕ ਮਿਊਜ਼ੀਅਮ ਦੀਆਂ ਅਨਮੋਲ ਜਾਇਦਾਦਾਂ 'ਚ ਇਕ ਪੁਰਾਣਾ ਭਾਰਤੀ ਤਿਰੰਗਾ ਵੀ ਹੈ, ਜਿਸ ਨੂੰ 15 ਅਗਸਤ 1947 ਨੂੰ ਆਜ਼ਾਦ ਭਾਰਤ ਦੇ ਜਨਮ ਸਮੇਂ ਲਹਿਰਾਏ ਜਾਣ ਦੀ ਦੁਰਲੱਭ ਵਿਸ਼ੇਸ਼ਤਾ ਹੈ। ਸੰਸਕ੍ਰਿਤੀ ਮੰਤਰਾਲੇ ਅਨੁਸਾਰ ਫੋਰਟ ਮਿਊਜ਼ੀਅਮ 'ਚ ਰੱਖਿਆ ਇਹ ਤਿਰੰਗਾ ਸ਼ੁੱਧ ਰੇਸ਼ਮ ਦਾ ਬਣਿਆ ਹੈ ਅਤੇ ਇਹ 3.5 ਮੀਟਰ ਲੰਬਾ ਅਤੇ 2.4 ਮੀਟਰ ਚੌੜਾ ਹੈ। ਉਸ ਨੇ ਸੋਮਵਾਰ ਨੂੰ ਇਕ ਬਿਆਨ 'ਚ ਕਿਹਾ,''ਇਹ 1947 'ਚ ਲਹਿਰਾਏ ਗਏ ਤਿਰੰਗੇ ਝੰਡਿਆਂ 'ਚੋਂ ਬਚਿਆ ਹੋਇਆ ਭਾਰਤ ਦਾ ਇਕਮਾਤਰ ਝੰਡਾ ਹੈ। ਇਹ ਝੰਡਾ ਉਸ ਪੂਰੇ ਸੰਘਰਸ਼ ਦਾ ਗਵਾਹ ਹੈ ਜੋ ਭਾਰਤੀਆਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਕੀਤਾ ਸੀ।'' ਮੰਤਰਾਲਾ ਨੇ ਕਿਹਾ ਕਿ ਇਹ ਝੰਡਾ 15 ਅਗਸਤ 1947 ਨੂੰ ਸਵੇਰੇ 5.30 ਵਜੇ ਫੋਰਟ ਸੇਂਟ ਜਾਰਜ ਵਿਖੇ ਲਹਿਰਾਇਆ ਗਿਆ ਸੀ। 'ਪੀਆਈਬੀ ਕਲਚਰ' ਨੇ 'ਐਕਸ' 'ਤੇ ਇਕ ਪੋਸਟ ਵੀ ਸਾਂਝੀ ਕੀਤੀ ਹੈ ਜਿਸ ਵਿਚ ਤਿਰੰਗੇ ਨਾਲ ਮਿਊਜ਼ੀਅਮ ਦੀ ਗੈਲਰੀ ਦੀਆਂ ਕੁਝ ਤਸਵੀਰਾਂ ਹਨ। ਕੋਰੋਮੰਡਲ ਤੱਟ ਦੇ ਨਾਲ ਚੇਨਈ ਦੇ ਇਕ ਸਿਰੇ 'ਤੇ ਸਥਿਤ, ਇਸ ਕਿਲ੍ਹੇ ਦੀ ਸ਼ੁਰੂਆਤ ਸ਼ਹਿਰ ਦੇ ਇਤਿਹਾਸ ਨਾਲ ਜੁੜੀ ਹੋਈ ਹੈ।

ਤਾਮਿਲਨਾਡੂ ਸੈਰ-ਸਪਾਟਾ ਵਿਭਾਗ ਦੀ ਵੈੱਬਸਾਈਟ ਦੇ ਅਨੁਸਾਰ, ਇਹ ਕਿਲ੍ਹਾ 23 ਅਪ੍ਰੈਲ 1644 ਨੂੰ ਸੇਂਟ ਜਾਰਜ ਦਿਵਸ 'ਤੇ ਬਣ ਕੇ ਤਿਆਰ ਹੋਇਆ ਸੀ, ਜਿਸ ਨੂੰ ਬਾਅਦ 'ਚ ਸੇਂਟ ਜਾਰਜ ਫੋਰਟ ਨਾਂ ਦਿੱਤਾ ਗਿਆ। ਇਸ ਕਿਲ੍ਹੇ ਦੇ ਹੋਂਦ 'ਚ ਆਉਣ ਦੇ ਨਾਲ ਹੀ ਜਾਰਜ ਟਾਊਨ ਨਾਮ ਦੀ ਇਕ ਨਵੀਂ ਬਸਤੀ ਦਾ ਜਨਮ ਹੋਇਆ, ਜਿਸ 'ਚ ਆਲੇ-ਦੁਆਲੇ ਦੇ ਪਿੰਡਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਅਤੇ ਬਾਅਦ 'ਚ ਇਹ ਬਸਤੀ ਮਦਰਾਸ ਅਰਥਾਤ ਆਧੁਨਿਕ ਸਮੇਂ ਦੀ ਚੇਨਈ ਕਹਿਲਾਈ। ਉਸ ਸਮੇਂ ਸੱਤਾ ਦਾ ਮਹੱਤਵਪੂਰਨ ਕੇਂਦਰ ਰਹੇ ਇਸ ਕਿਲ੍ਹੇ ਦੀਆਂ 6 ਮੀਟਰ ਉੱਚੀਆਂ ਕੰਧਾਂ ਨੇ ਅਠਾਰਵੀਂ ਸਦੀ 'ਚ ਕਈ ਹਮਲਿਆਂ ਦਾ ਸਾਹਮਣਾ ਕੀਤਾ। ਵੈੱਬਸਾਈਟ ਦੇ ਅਨੁਸਾਰ,"ਫੋਰਟ ਸੇਂਟ ਜਾਰਜ ਫੋਰਟ ਦਾ ਮੁੱਖ ਆਕਰਸ਼ਣ ਇਸ ਦਾ ਅਜਾਇਬ ਘਰ ਹੈ ਜਿਸ ਨੂੰ ਫੋਰਟ ਮਿਊਜ਼ੀਅਮ ਕਿਹਾ ਜਾਂਦਾ ਹੈ। ਇਸ 'ਚ ਚੰਗੀ ਤਰ੍ਹਾਂ ਸੰਗਠਿਤ ਗੈਲਰੀਆਂ 'ਚ ਪੁਰਾਤਨ ਵਸਤਾਂ ਦਾ ਇਕ ਵਿਭਿੰਨ ਸੰਗ੍ਰਹਿ ਹੈ। ਆਧੁਨਿਕ ਭਾਰਤੀ ਇਤਿਹਾਸ ਦੇ ਵੱਖ-ਵੱਖ ਸਮੇਂ ਦੀਆਂ 3,661 ਕਲਾਕ੍ਰਿਤੀਆਂ ਨੂੰ ਤਿੰਨ ਮੰਜ਼ਿਲਾਂ 'ਤੇ 10 ਗੈਲਰੀਆਂ 'ਚ ਪ੍ਰਦਰਸ਼ਿਤ ਕੀਤਾ ਗਿਆ ਹੈ। ਸੰਸਕ੍ਰਿਤੀ ਮੰਤਰਾਲਾ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਅਜਾਇਬ ਘਰ 'ਚ ਭਾਰਤੀ ਸੁਤੰਤਰਤਾ ਗੈਲਰੀ ਵੀ ਭਾਰਤੀ ਝੰਡੇ ਦੇ ਵਿਕਾਸ ਅਤੇ ਰਾਸ਼ਟਰੀ ਝੰਡੇ ਦੇ ਪਿੱਛੇ ਦੀਆਂ ਕਹਾਣੀਆਂ ਨੂੰ ਪ੍ਰਦਰਸ਼ਿਤ ਕਰਦੀ ਹੈ। ਫੋਰਟ ਮਿਊਜ਼ੀਅਮ 31 ਜਨਵਰੀ 1948 ਨੂੰ ਲੋਕਾਂ ਲਈ ਖੋਲ੍ਹਿਆ ਗਿਆ ਸੀ।

## ਸੁਰੱਖਿਆ ਫ਼ੋਰਸਾਂ ਨੇ 5 ਨਕਸਲੀ ਕੀਤੇ ਗ੍ਰਿਫ਼ਤਾਰ, ਇਕ 'ਤੇ ਹੈ 5 ਲੱਖ ਦਾ ਇਨਾਮ



ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਸੁਕਮਾ ਜ਼ਿਲ੍ਹੇ 'ਚ ਸੁਰੱਖਿਆ ਫ਼ੋਰਸਾਂ ਨੇ ਇਕ ਇਨਾਮੀ ਨਕਸਲੀ ਸਮੇਤ 5 ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਫ਼ੋਰਸਾਂ ਨੇ 5 ਨਕਸਲੀਆਂ ਉਈਕਾ ਚੈਤੂ (30), ਕੁੰਜਾਮ ਸੁਖਲਾਲ (35), ਪਦਾਮ ਹੁੰਗਾ (24), ਪਦਾਮ ਸਨੂੰ (35) ਅਤੇ ਮਹਿਲਾ ਨਕਸਲੀ ਉਈਕਾ ਲਖੇ (35) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਈਕਾ ਚੈਤੂ ਪਰਮਿਲੀ ਏਰੀਆ ਕਮੇਟੀ ਦਾ ਮੈਂਬਰ ਹੈ ਅਤੇ ਉਸ ਦੇ ਸਿਰ 'ਤੇ 5 ਲੱਖ ਦਾ ਇਨਾਮ ਹੈ। ਉਹ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਖੇਤਰ 'ਚ ਸਰਗਰਮ ਸੀ।ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਹੇਠਲੀ ਅਦਾਲਤ ਨੇ ਇਸ ਮਾਮਲੇ 'ਚ ਉਨ੍ਹਾਂ ਨੂੰ 20 ਜੂਨ ਨੂੰ ਜ਼ਮਾਨਤ ਦੇ ਦਿੱਤੀ ਸੀ। ਹਾਲਾਂਕਿ, ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਸੀ। ਇਸ ਤੋਂ ਬਾਅਦ 12 ਜੁਲਾਈ ਨੂੰ ਸੁਪਰੀਮ ਕੋਰਟ ਨੇ ਕੇਜਰੀਵਾਲ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਅੰਤਰਿਮ ਜ਼ਮਾਨਤ ਦੇ ਦਿੱਤੀ।

## ਹੈਵਾਨ ਬਣਿਆ ਪਤੀ, ਪਤਨੀ ਨੂੰ ਬਾਈਕ ਦੇ ਪਿੱਛੇ ਬੰਨ੍ਹ ਕੇ ਜਾਨਵਰਾਂ ਦੀ ਤਰ੍ਹਾਂ ਘੜੀਸਿਆ



ਰਾਜਸਥਾਨ ਦੇ ਨਾਗੌਰ ਜ਼ਿਲ੍ਹੇ 'ਚ ਇਕ ਔਰਤ ਨੂੰ ਉਸ ਦੇ ਪਤੀ ਨੇ ਮੋਟਰਸਾਈਕਲ ਨਾਲ ਬੰਨ੍ਹ ਕੇ ਪਿੰਡ 'ਚ ਘੜੀਸਿਆ। ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਆਉਣ ਤੋਂ ਬਾਅਦ ਪੁਲਸ ਨੇ ਦੋਸ਼ੀ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ। ਪਾਂਚੌੜੀ ਥਾਣੇ ਦੇ ਸਹਾਇਕ ਸਬ-ਇੰਸਪੈਕਟਰ ਸੁਰੇਂਦਰ ਕੁਮਾਰ ਨੇ ਦੱਸਿਆ ਕਿ ਘਟਨਾ ਕਰੀਬ ਇਕ ਮਹੀਨੇ ਪਹਿਲਾਂ ਨਾਹਰਸਿੰਘਪੁਰਾ ਪਿੰਡ 'ਚ ਵਾਪਰੀ ਸੀ। ਦੋਸ਼ੀ ਨੌਜਵਾਨ ਪ੍ਰੇਮਾਰਾਮ ਮੇਘਵਾਲ (32) ਨੇ ਆਪਣੀ ਪਤਨੀ ਨੂੰ ਰੱਸੀ ਨਾਲ ਮੋਟਰਸਾਈਕਲ ਦੇ ਪਿੱਛੇ ਬੰਨ੍ਹ ਦਿੱਤਾ ਅਤੇ ਪਿੰਡ 'ਚ ਘੜੀਸਿਆ। ਕਿਸੇ ਨੇ ਘਟਨਾ ਦਾ ਵੀਡੀਓ ਬਣਾ ਲਿਆ, ਜੋ ਐਤਵਾਰ ਨੂੰ ਆਨਲਾਈਨ ਸਾਹਮਣੇ ਆਇਆ। ਇਸ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਪੀੜਤਾ ਫਿਲਹਾਲ ਆਪਣੇ ਰਿਸ਼ਤੇਦਾਰਾਂ ਨਾਲ ਰਹਿ ਰਹੀ ਹੈ ਅਤੇ ਉਸ ਨੇ ਪੁਲਸ ਨੂੰ ਮਾਮਲੇ ਦੀ ਸੂਚਨਾ ਨਹੀਂ ਦਿੱਤੀ। ਦੋਸ਼ੀ ਨੂੰ ਸੋਮਵਾਰ ਨੂੰ ਸ਼ਾਂਤੀ ਭੰਗ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗੁਆਂਢੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਪ੍ਰੇਮਾਰਾਮ ਆਪਣੀ ਪਤਨੀ ਨਾਲ ਕੁੱਟਮਾਰ ਕਰਦਾ ਸੀ। ਉਹ ਸ਼ਰਾਬ ਦਾ ਆਦੀ ਹੈ ਅਤੇ ਆਪਣੀ ਪਤਨੀ ਨੂੰ ਪਿੰਡ 'ਚ ਕਿਸੇ ਨਾਲ ਗੱਲ ਨਹੀਂ ਕਰਨ ਦਿੰਦਾ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਮੈਡੀਕਲ ਸਟੋਰ 'ਚ ਦਿਨ-ਦਿਹਾੜੇ ਵਾਰਦਾਤ, ਲੁਟੇਰਿਆਂ ਨੇ ਮਹਿਲਾ ਦੁਕਾਨਦਾਰ ਨੂੰ ਲੁੱਟਿਆ

ਡੇਰਾਬੱਸੀ ਹੈਬਤਪੁਰ ਰੋਡ 'ਤੇ ਗੁਲਮੋਹਰ ਸਿਟੀ ਅਪਾਰਟਮੈਂਟ ਦੇ ਸਾਹਮਣੇ ਇੱਕ ਕੈਮਿਸਟ ਦੀ ਦੁਕਾਨ ਤੋਂ ਮੋਟਰਸਾਈਕਲ ਸਵਾਰ 2 ਲੁਟੇਰੇ ਦਿਨ-ਦਿਹਾੜੇ ਇੱਕ ਮਹਿਲਾ ਦੁਕਾਨਦਾਰ ਦੇ ਗਲੇ ਦੀ ਚੇਨ, ਮੁੰਦਰੀ ਅਤੇ ਦੋ ਚੂੜੀਆਂ ਲੁੱਟ ਕੇ ਫ਼ਰਾਰ ਹੋ ਗਏ। ਗਹਿਣੇ ਖੋਹਣ ਤੋਂ ਬਾਅਦ ਦੋਵੇਂ ਤੇਜ਼ੀ ਨਾਲ ਡੇਰਾਬੱਸੀ ਵੱਲ ਭੱਜ ਗਏ। ਡੇਰਾਬੱਸੀ ਪੁਲਸ ਸੀ. ਸੀ. ਟੀ. ਵੀ. ਫੁਟੇਜ ਨੂੰ ਸਕੈਨ ਕਰਕੇ ਲੁਟੇਰਿਆਂ ਦੀ ਭਾਲ ਕਰ ਰਹੀ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਹੈਬਤਪੁਰ ਰੋਡ 'ਤੇ ਗੁਲਮੋਹਰ ਸਿਟੀ ਦੇ ਸਾਹਮਣੇ ਸਥਿਤ ਗ੍ਰੇਸ ਮੈਡੀਕਲ ਹਾਲ ਦੀ ਦੁਕਾਨ 'ਚ ਦੁਪਹਿਰ 2.30 ਵਜੇ ਦੇ ਕਰੀਬ ਵਾਪਰੀ। ਇਹ ਦੁਕਾਨ 34 ਸਾਲਾ ਦੀਪਿਕਾ ਪਤਨੀ ਰੋਹਿਤ ਵਾਸੀ ਪੰਜਾਬੀ ਬਾਗ ਡੇਰਾਬੱਸੀ ਚਲਾ ਰਹੀ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਦੀਪਿਕਾ ਨੇ ਦੱਸਿਆ ਕਿ ਪੱਗੜੀ ਬੰਨ੍ਹੀ ਇਕ ਨੌਜਵਾਨ ਬਾਈਕ 'ਤੇ ਉਸ ਕੋਲ ਆਇਆ ਸੀ। ਉਸ ਨੇ ਅੰਦਰ ਜਾ ਕੇ ਟੀਕਾ ਲਗਾਉਣ ਲਈ ਸਰਿੰਜ ਦੀ ਮੰਗ ਕੀਤੀ ਪਰ ਉਸ ਨੇ ਸਰਿੰਜ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਹੈਬਤਪੁਰ ਵੱਲ ਚਲਾ ਗਿਆ। ਕਰੀਬ 5 ਮਿੰਟ ਬਾਅਦ ਉਹ ਇਕ ਹੋਰ ਨੌਜਵਾਨ ਨਾਲ ਆਇਆ। ਦੋਵੇਂ ਮੋਟਰਸਾਈਕਲ ਬਾਹਰ ਖੜ੍ਹਾ ਕਰ ਅੰਦਰ ਵੜ ਗਏ। ਜਿਵੇਂ ਹੀ ਉਹ ਆਇਆ, ਉਸਨੇ ਝਪਟਾ ਮਾਰ ਕੇ ਉਸ ਦੇ ਗਲੇ ਦੀ ਚੇਨ ਖੋਹ ਲਈ ਅਤੇ ਉਸ ਦੀਆਂ ਦੋਵੇਂ ਬਾਹਾਂ ਫੜ੍ਹ ਕੇ ਸੋਨੇ ਦੀਆਂ ਚੂੜੀਆਂ ਅਤੇ ਹੱਥ ਵਿੱਚੋ ਅੰਗੂਠੀ ਕੱਢ ਲਈ। ਇਸੇ ਦੌਰਾਨ ਦੂਜੇ ਨੌਜਵਾਨ ਮੋਟਰਸਾਈਕਲ 'ਤੇ ਗਹਿਣੇ ਲੈ ਕੇ ਡੇਰਾਬੱਸੀ ਵੱਲ ਭੱਜ ਗਏ। ਫ਼ਰਾਰ ਹੋਣ ਦੌਰਾਨ ਲੁਟੇਰੇ ਦੀ ਪੈਨਸਿਲ ਅਤੇ ਬਿਜਲੀ ਦੀਆਂ ਤਾਰਾਂ ਨੂੰ ਛਿਲਣ ਲਈ ਵਰਤਿਆ ਜਾਣ ਵਾਲਾ ਕਟਰ ਮੌਕੇ 'ਤੇ ਡਿੱਗ ਪਿਆ, ਜਿਸ ਨੂੰ ਪੁਲਿਸ ਨੇ ਕਬਜ਼ੇ 'ਚ ਲੈ ਲਿਆ ਹੈ। ਪਤਾ ਲੱਗਣ ਤੋਂ ਬਾਅਦ ਡੇਰਾਬੱਸੀ ਦਾ ਵਾਧੂ ਚਾਰਜ ਸੰਭਾਲ ਰਹੇ ਡੀ. ਐੱਸ. ਪੀ. ਅਜੀਤ ਪਾਲ, ਡੇਰਾਬੱਸੀ ਥਾਣੇ ਦੇ ਇੰਚਾਰਜ ਮਨਦੀਪ ਸਿੰਘ ਅਤੇ ਮੁਬਾਰਕਪੁਰ ਚੌਂਕੀ ਦੇ ਇੰਚਾਰਜ ਸਤਨਾਮ ਸਿੰਘ ਵੀ ਮੌਕੇ 'ਤੇ ਪੁੱਜੇ ਅਤੇ ਸੀ. ਸੀ. ਟੀ. ਵੀ. ਫੁਟੇਜ ਸਮੇਤ ਮੌਕੇ ਦਾ ਮੁਆਇਨਾ ਕੀਤਾ। ਉਨ੍ਹਾਂ ਕਿਹਾ ਕਿ ਜਲਦੀ ਹੀ ਲੁਟੇਰਿਆਂ ਨੂੰ ਫੜ੍ਹ ਲਿਆ ਜਾਵੇਗਾ। ਫਿਲਹਾਲ ਦੀਪਿਕਾ ਦੀ ਸ਼ਿਕਾਇਤ ਲੈ ਕੇ ਮੁਬਾਰਕਪੁਰ ਪੁਲਸ ਨੇ ਮਾਮਲਾ ਦਰਜ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਰਾਜੋਆਣਾ ਨਾਲ ਮੁਲਾਕਾਤ ਕਰਨ ਪਟਿਆਲਾ ਜੇਲ੍ਹ ਪਹੁੰਚੇ ਜਥੇਦਾਰ ਰਘਬੀਰ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪਟਿਆਲਾ ਵਿਖੇ ਕੇਂਦਰ ਜੇਲ੍ਹ 'ਚ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਕਾਤ ਕਰਨ ਪੁੱਜੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਉਨ੍ਹਾਂ ਦੇ ਨਾਲ ਸਨ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਫਾਂਸੀ ਸਜ਼ਾਯਾਫਤਾ ਬਲਵੰਤ ਸਿੰਘ ਰਾਜੋਆਣਾ ਨੇ ਕੁਝ ਸਮਾਂ ਪਹਿਲਾਂ ਕੇਂਦਰ ਸਰਕਾਰ ਤੋਂ ਸਜ਼ਾ ਮੁਆਫ਼ੀ ਦੇ ਮਾਮਲੇ 'ਚ ਕੋਈ ਪੈਰਵਾਈ ਨਾ ਕਰਨ 'ਤੇ ਸਿੱਖ ਆਗੂਆਂ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਚਿੱਠੀ ਲਿਖੀ ਸੀ ਅਤੇ ਭੁੱਖ ਹੜਤਾਲ ਕਰਨ ਦੀ ਗੱਲ ਆਖੀ ਸੀ। ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤਹਿਤ ਐੱਸ. ਜੀ. ਪੀ. ਸੀ. ਪ੍ਰਧਾਨ ਵੱਲੋਂ ਰਾਜੋਆਣਾ ਨਾਲ ਮੁਲਕਾਤ ਕਰਕੇ ਮਾਮਲੇ ਦੀ ਪੈਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

# CM ਭਗਵੰਤ ਮਾਨ ਨੇ ਵੱਖ-ਵੱਖ ਵਿਭਾਗਾਂ ਦੇ 417 ਨਵ-ਨਿਯੁਕਤ ਨੌਜਵਾਨਾਂ ਨੂੰ ਦਿੱਤੇ ਨਿਯੁਕਤੀ ਪੱਤਰ




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ ਮਿਉਂਸਪਲ ਭਵਨ ਵਿਖੇ 417 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਹ ਨਿਯੁਕਤੀਆਂ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਕੀਤੀਆਂ ਗਈਆਂ ਹਨ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ 44666 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਨੌਜਵਾਨਾਂ ਨੂੰ ਦੇਸ਼ ਛੱਡ ਕੇ ਨਾ ਜਾਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇੱਥੇ ਯੋਗਤਾ ਅਨੁਸਾਰ ਰੁਜ਼ਗਾਰ ਮਿਲਦਾ ਹੈ ਤਾਂ ਬਾਹਰ ਜਾਣ ਦੀ ਕੀ ਲੋੜ ਹੈ। ਜੇਕਰ ਤੁਸੀਂ ਵਿਦੇਸ਼ ਜਾਣਾ ਚਾਹੁੰਦੇ ਹੋ ਤਾਂ ਘੁੰਮਣ ਜਾਓ।ਮੁੱਖ ਮੰਤਰੀ ਨੇ 6 ਦਿਨ ਪਹਿਲਾਂ ਫਿਲੌਰ ਵਿੱਚ 443 ਨੌਜਵਾਨਾਂ ਨੂੰ ਪੁਲਿਸ ਵਿਭਾਗ ਵਿੱਚ ਨਿਯੁਕਤੀ ਪੱਤਰ ਦਿੰਦੇ ਹੋਏ ਐਲਾਨ ਕੀਤਾ ਸੀ ਕਿ ਸਾਡੀ ਸਰਕਾਰ ਪੰਜਾਬ ਪੁਲਿਸ ਨੂੰ ਹਾਈਟੈਕ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਅਸੀਂ ਪੰਜਾਬ ਪੁਲਿਸ ਦੇ ਗੌਰਵਮਈ ਇਤਿਹਾਸ ਅਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਾਂ। ਨੌਕਰੀਆਂ ਦੇਣ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ।ਦੱਸ ਦੇਈਏ ਕਿ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਦੀਆਂ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਇਸ ਭਰਤੀ ਮੁਹਿੰਮ ਰਾਹੀਂ 1746 ਕਾਂਸਟੇਬਲ ਅਸਾਮੀਆਂ ਭਰੀਆਂ ਜਾਣੀਆਂ ਹਨ। ਇਸ ਵਿੱਚ ਪੁਲਿਸ ਵਿਭਾਗ ਨੇ ਪੰਜਾਬ ਵਿੱਚ ਜ਼ਿਲ੍ਹਾ ਪੁਲਿਸ ਕਾਡਰ ਲਈ 970 ਅਤੇ ਆਰਮਡ ਪੁਲਿਸ ਕਾਡਰ ਲਈ 776 ਅਸਾਮੀਆਂ ਨਿਰਧਾਰਤ ਕੀਤੀਆਂ ਹਨ। ਇਸ ਭਰਤੀ ਵਿੱਚ ਚੋਣ ਪ੍ਰਕਿਰਿਆ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਗਿਆ ਹੈ, ਯਾਨੀ ਇਸ ਵਿੱਚ ਤਿੰਨ ਪੜਾਅ ਹੋਣਗੇ। ਇਸ ਵਿੱਚ, ਪਹਿਲੇ ਯਾਨੀ ਪੜਾਅ 1 ਵਿੱਚ ਕੰਪਿਊਟਰ ਅਧਾਰਤ ਅਤੇ MCQ ਕਿਸਮ ਦੇ ਪੇਪਰ ਸ਼ਾਮਲ ਹੋਣਗੇ। ਇਸ ਪੜਾਅ ਵਿੱਚ ਪੇਪਰ-1 ਅਤੇ ਪੇਪਰ-2 ਹੋਣਗੇ। ਜਿਸ ਵਿੱਚ ਪੇਪਰ-1 ਕੁਆਲੀਫਾਇੰਗ ਕਿਸਮ ਦਾ ਹੋਵੇਗਾ। ਫੇਜ਼ 2 ਵਿੱਚ ਸਰੀਰਕ ਟੈਸਟ ਅਤੇ ਸਕ੍ਰੀਨਿੰਗ ਟੈਸਟ ਸ਼ਾਮਲ ਹੋਣਗੇ। ਇਸ ਦੇ ਨਾਲ ਹੀ ਫੇਜ਼ 3 ਵਿੱਚ ਦਸਤਾਵੇਜ਼ਾਂ ਦੀ ਪੜਤਾਲ ਕੀਤੀ ਜਾਵੇਗੀ।



# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਕਤਲ ਦਾ ਮਾਮਲਾ ਦਰਜ

ਬੰਗਲਾਦੇਸ਼ ਦੀ ਬੇਦਖਲ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਛੇ ਹੋਰਾਂ ਖ਼ਿਲਾਫ਼ ਪਿਛਲੇ ਮਹੀਨੇ ਹਿੰਸਕ ਝੜਪਾਂ ਦੌਰਾਨ ਇਕ ਕਰਿਆਨੇ ਦੀ ਦੁਕਾਨ ਦੇ ਮਾਲਕ ਦੀ ਮੌਤ ਨੂੰ ਲੈ ਕੇ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਮੀਡੀਆ ਰਿਪੋਰਟਾਂ 'ਚ ਸਾਹਮਣੇ ਆਈ। 76 ਸਾਲਾ ਹਸੀਨਾ ਵਿਰੁੱਧ ਦਰਜ ਕੀਤਾ ਗਿਆ ਇਹ ਪਹਿਲਾ ਕੇਸ ਹੈ, ਜਿਸ ਨੇ ਵਿਵਾਦਪੂਰਨ ਨੌਕਰੀਆਂ ਦੀ ਰਾਖਵਾਂਕਰਨ ਪ੍ਰਣਾਲੀ ਨੂੰ ਲੈ ਕੇ ਆਪਣੀ ਅਵਾਮੀ ਲੀਗ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਵਿਆਪਕ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ ਅਤੇ ਪਿਛਲੇ ਹਫਤੇ ਭਾਰਤ ਭੱਜ ਗਈ ਸੀ। ਇਹ ਮਾਮਲਾ ਕਰਿਆਨੇ ਦੀ ਦੁਕਾਨ ਦੇ ਮਾਲਕ ਅਬੂ ਸਈਦ ਦੇ ਸ਼ੁਭਚਿੰਤਕ ਨੇ ਦਰਜ ਕਰਵਾਇਆ ਹੈ, ਜਿਸ ਦੀ 19 ਜੁਲਾਈ ਨੂੰ ਮੁਹੰਮਦਪੁਰ 'ਚ ਰਿਜ਼ਰਵੇਸ਼ਨ ਅੰਦੋਲਨ ਦੇ ਸਮਰਥਨ 'ਚ ਕੱਢੇ ਗਏ ਜਲੂਸ ਦੌਰਾਨ ਪੁਲਸ ਗੋਲੀਬਾਰੀ 'ਚ ਮੌਤ ਹੋ ਗਈ ਸੀ। ਹੋਰ ਮੁਲਜ਼ਮਾਂ ਵਿੱਚ ਅਵਾਮੀ ਲੀਗ ਦੇ ਜਨਰਲ ਸਕੱਤਰ ਓਬੈਦੁਲ ਕਾਦਰ, ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ ਅਤੇ ਸਾਬਕਾ ਪੁਲਸ ਇੰਸਪੈਕਟਰ ਜਨਰਲ ਚੌਧਰੀ ਅਬਦੁੱਲਾ ਅਲ ਮਾਮੂਨ ਸ਼ਾਮਲ ਹਨ। ਰਿਪੋਰਟ ਮੁਤਾਬਕ ਇਨ੍ਹਾਂ ਤੋਂ ਇਲਾਵਾ ਕਈ ਉੱਚ ਦਰਜੇ ਦੇ ਪੁਲਸ ਅਧਿਕਾਰੀਆਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਵੀ ਮਾਮਲੇ ਵਿੱਚ ਦੋਸ਼ੀ ਬਣਾਇਆ ਗਿਆ ਹੈ। ਬੰਗਲਾਦੇਸ਼ ਵਿੱਚ 5 ਅਗਸਤ ਨੂੰ ਹਸੀਨਾ ਸਰਕਾਰ ਡਿੱਗਣ ਤੋਂ ਬਾਅਦ ਦੇਸ਼ ਭਰ ਵਿੱਚ ਭੜਕੀ ਹਿੰਸਾ ਦੀਆਂ ਘਟਨਾਵਾਂ ਵਿੱਚ 230 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਜੁਲਾਈ ਦੇ ਅੱਧ ਵਿੱਚ ਕੋਟਾ ਵਿਰੋਧੀ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਹਿੰਸਾ ਵਿੱਚ ਮਰਨ ਵਾਲਿਆਂ ਦੀ ਕੁੱਲ ਗਿਣਤੀ 560 ਤੱਕ ਪਹੁੰਚ ਗਈ ਹੈ। ਬੰਗਲਾਦੇਸ਼ ਵਿਚ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਦੇ ਪਤਨ ਤੋਂ ਬਾਅਦ ਅੰਤਰਿਮ ਸਰਕਾਰ ਦਾ ਗਠਨ ਕੀਤਾ ਗਿਆ ਹੈ ਅਤੇ 84 ਸਾਲਾ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਨੂੰ ਇਸ ਦਾ ਮੁੱਖ ਸਲਾਹਕਾਰ ਬਣਾਇਆ ਗਿਆ ਹੈ। ਯੂਨਸ ਨੇ ਪਿਛਲੇ ਹਫ਼ਤੇ ਆਪਣੀ 16 ਮੈਂਬਰੀ ਸਲਾਹਕਾਰ ਕੌਂਸਲ ਦੇ ਵਿਭਾਗਾਂ ਦਾ ਐਲਾਨ ਕੀਤਾ ਸੀ। ਸੋਮਵਾਰ ਨੂੰ ਅਵਾਮੀ ਲੀਗ ਦੀ ਕੱਟੜ ਵਿਰੋਧੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ) ਸਮੇਤ ਸੱਤ ਸਿਆਸੀ ਪਾਰਟੀਆਂ ਨੇ ਯੂਨਸ ਨਾਲ ਵੱਖਰੇ ਤੌਰ 'ਤੇ ਮੁਲਾਕਾਤ ਕੀਤੀ ਅਤੇ ਕਿਹਾ ਕਿ ਅੰਤਰਿਮ ਸਰਕਾਰ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਅਨੁਕੂਲ ਮਾਹੌਲ ਬਣਾਉਣ ਲਈ ਲੋੜੀਂਦਾ ਸਮਾਂ ਲੈ ਸਕਦੀ ਹੈ। ਰਿਪੋਰਟ ਵਿੱਚ ਬੀ.ਐਨ.ਪੀ ਦੇ ਜਨਰਲ ਸਕੱਤਰ ਮਿਰਜ਼ਾ ਫ਼ਖ਼ਰੂਲ ਇਸਲਾਮ ਆਲਮਗੀਰ ਦੇ ਹਵਾਲੇ ਨਾਲ ਕਿਹਾ ਗਿਆ ਹੈ, "ਅਸੀਂ ਇਸ ਅੰਤਰਿਮ ਸਰਕਾਰ ਨੂੰ ਚੋਣਾਂ ਕਰਵਾਉਣ ਲਈ ਢੁਕਵਾਂ ਮਾਹੌਲ ਬਣਾਉਣ ਲਈ ਲੋੜੀਂਦਾ ਸਮਾਂ ਦਿੱਤਾ ਹੈ।" ਅਗਲੀਆਂ ਚੋਣਾਂ ਕਰਵਾਉਣ ਲਈ ਕਿਸੇ ਖਾਸ ਸਮਾਂ ਸੀਮਾ ਦਾ ਜ਼ਿਕਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬੀ.ਐਨ.ਪੀ ਅੰਤਰਿਮ ਸਰਕਾਰ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਆਪਣਾ ਪੂਰਾ ਸਹਿਯੋਗ ਦੇ ਰਹੀ ਹੈ। ਸੂਤਰਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਰਟੀ ਨੇ ਯੂਨਸ ਨੂੰ ਪਾਰਟੀ ਪ੍ਰਧਾਨ ਖਾਲਿਦਾ ਜ਼ਿਆ ਅਤੇ ਕਾਰਜਕਾਰੀ ਪ੍ਰਧਾਨ ਤਾਰਿਕ ਰਹਿਮਾਨ ਸਮੇਤ ਆਪਣੇ ਨੇਤਾਵਾਂ ਖਿਲਾਫ ਸਾਰੇ ਕੇਸ ਵਾਪਸ ਲੈਣ ਦੀ ਅਪੀਲ ਕੀਤੀ ਹੈ। ਹਸੀਨਾ ਦੇ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ (79) ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਉਸ ਨੂੰ 2018 ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ 17 ਸਾਲ ਦੀ ਸਜ਼ਾ ਸੁਣਾਈ ਗਈ ਸੀ।

# ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਮਿਲੀ ਫਰਲੋ, ਜੇਲ੍ਹ 'ਚੋਂ ਬਾਹਰ ਆ ਕੇ ਸੰਗਤਾਂ ਨੂੰ ਦਿੱਤਾ ਸੁਨੇਹਾ



ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਰਾਹਤ ਮਿਲੀ ਹੈ। ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਮਾਮਲੇ ਵਿਚ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਦੀ 21 ਦਿਨਾਂ ਦੀ ਛੁੱਟੀ ਮਨਜ਼ੂਰ ਹੋ ਗਈ ਹੈ। ਰਾਮ ਰਹੀਮ ਮੰਗਲਵਾਰ ਸਵੇਰੇ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ। ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਸਥਿਤ ਬਰਨਵਾ ਆਸ਼ਰਮ ਪਹੁੰਚ ਗਏ ਹਨ। ਬਰਨਾਵਾ ਆਸ਼ਰਮ ਪਹੁੰਚਣ ਤੋਂ ਬਾਅਦ ਰਾਮ ਰਹੀਮ ਨੇ 23 ਸੈਕਿੰਡ ਦਾ ਵੀਡੀਓ ਜਾਰੀ ਕੀਤਾ। ਜਿਸ ਵਿੱਚ ਕਿਹਾ ਗਿਆ "ਪਿਆਰੀ ਸਾਧ ਸੰਗਤ ਜੀ, ਮੈਂ ਫਿਰ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ। ਸਾਰੀਆਂ ਸੰਗਤਾਂ ਨੇ ਆਪਣੇ ਘਰਾਂ 'ਚ ਹੀ ਰਹਿਣਾ ਹੈ। ਕਿਸੇ ਨੇ ਵੀ ਡੇਰੇ 'ਚ ਨਹੀਂ ਆਉਣਾ। ਜਿਵੇਂ ਹੀ ਸੇਵਾਦਾਰ ਭਰਾ ਤੁਹਾਨੂੰ ਦੱਸਣਗੇ, ਉਸੇ ਤਰ੍ਹਾਂ ਤੁਸੀਂ ਸੇਵਾ ਕਰਨੀ ਹੈ। ਮੇਰਾ ਅਸ਼ੀਰਵਾਦ ਸਭ ਦੇ ਨਾਲ ਹੈ"। ਅਜੇ 2 ਦਿਨ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਕਿਹਾ ਸੀ ਕਿ ਰਾਮ ਰਹੀਮ ਨੂੰ ਚੰਗੀ ਤਰ੍ਹਾਂ ਵਿਚਾਰ ਕਰਨ ਤੋਂ ਬਾਅਦ ਹੀ ਫਰਲੋ ਜਾਂ ਪੈਰੋਲ ਦਿੱਤੀ ਜਾਵੇ। ਇਸ ਤੋਂ ਬਾਅਦ ਸਰਕਾਰ ਨੇ ਰਾਮ ਰਹੀਮ ਨੂੰ ਇਸ ਸ਼ਰਤ 'ਤੇ ਛੁੱਟੀ ਦੇ ਦਿੱਤੀ ਕਿ ਉਹ ਸਿਰਸਾ ਸਥਿਤ ਡੇਰਾ ਸੱਚਾ ਸੌਦਾ 'ਚ ਨਹੀਂ ਜਾਵੇਗਾ। ਉਹ ਬਾਗਪਤ ਸਥਿਤ ਬਰਨਵਾ ਆਸ਼ਰਮ 'ਚ 21 ਦਿਨ ਰੁਕਣਗੇ। ਇਸ ਤੋਂ ਪਹਿਲਾਂ 10 ਅਗਸਤ ਨੂੰ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿੱਚ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਜਾਂ ਫਰਲੋ ਦੇਣ 'ਤੇ ਸਵਾਲ ਉਠਾਏ ਗਏ ਸਨ। ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਸਰਕਾਰ ਅਜਿਹੇ ਮੁੱਦਿਆਂ 'ਤੇ ਫੈਸਲੇ ਲੈਣ ਦੇ ਸਮਰੱਥ ਹੈ।

# ਬੱਚਿਆ ਨਾਲ ਬੰਟੇ ਖੇਡਦੇ ਨਜ਼ਰ ਆਏ ਗੁਰੂ ਰੰਧਾਵਾ



ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬੀ ਮਨੋਰੰਜਨ ਜਗਤ 'ਚ ਐਕਟਿਵ ਗੁਰੂ ਰੰਧਾਵਾ ਸੰਗੀਤ ਪ੍ਰੇਮੀਆਂ ਦੀ ਪਹਿਲੀ ਪਸੰਦ ਹਨ। ਗੁਰੂ ਰੰਧਾਵਾ ਦੀ ਫੈਨ ਫਾਲੋਇੰਗ ਪੰਜਾਬ ਤੋਂ ਬਾਹਰ ਵੀ ਵੱਡੀ ਮਾਤਰਾ 'ਚ ਹੈ। ਗਾਇਕ ਇਸ ਸਮੇਂ ਫ਼ਿਲਮ 'ਸ਼ਾਹਕੋਟ' ਨੂੰ ਲੈ ਕੇ ਲਗਾਤਾਰ ਸੁਰਖ਼ੀਆਂ ਬਟੋਰ ਰਹੇ ਹਨ। ਇਸ ਤੋਂ ਪਹਿਲਾਂ ਗਾਇਕ ਨੇ ਹਿੰਦੀ ਸਿਨੇਮਾ 'ਚ ਡੈਬਿਊ ਫ਼ਿਲਮ 'ਕੁਛ ਖੱਟਾ ਹੋ ਜਾਏ' ਨਾਲ ਕੀਤਾ ਸੀ। ਇਸ ਦੇ ਨਾਲ ਹੀ ਗਾਇਕ ਸੋਸ਼ਲ ਮੀਡੀਆ ਉੱਤੇ ਕਾਫੀ ਐਕਟਿਵ ਰਹਿੰਦੇ ਹਨ। ਉਹ ਤਸਵੀਰਾਂ ਅਤੇ ਵੀਡੀਓਜ਼ ਸ਼ੇਅਰ ਕਰਦੇ ਰਹਿੰਦੇ ਹਨ।ਇਸੀ ਵਿਚਾਲੇ ਉਨ੍ਹਾਂ ਨੇ ਇੱਕ ਅਹਿਜੀ ਵੀਡੀਓ ਇੰਸਟਾਗ੍ਰਾਮ ਉੱਤੇ ਸ਼ੇਅਰ ਕੀਤੀ ਹੈ, ਜਿਸ 'ਚ ਉਨ੍ਹਾਂ ਦਾ ਮਸਤੀ ਭਰਿਆ ਅੰਦਾਜ਼ ਨਜ਼ਰ ਆ ਰਿਹਾ ਹੈ। ਦਰਅਸਲ ਵੀਡੀਓ 'ਚ ਗਾਇਕ ਬੱਚਿਆ ਨਾਲ ਬੰਟੇ ਖੇਡ ਰਹੇ ਹਨ। ਬੱਚਿਆਂ ਦੇ ਕਹਿਣ 'ਤੇ ਉਹ ਬੰਟਿਆਂ 'ਤੇ ਨਿਸ਼ਾਨਾ ਸਾਧਦੇ ਹੋਏ ਵਿਖਾਈ ਦੇ ਰਹੇ ਹਨ। ਗਾਇਕ ਦੀ ਇਹ ਵੀਡੀਓ ਫੈਨਜ਼ ਨੂੰ ਕਾਫੀ ਪਸੰਦ ਆ ਰਹੀ ਹੈ। ਇਸ ਪੋਸਟ ਨੂੰ ਸ਼ੇਅਰ ਕਰਦੇ ਹੋਏ ਗਾਇਕ ਨੇ ਲਿਖਿਆ ਕਿ 'ਬੱਚਿਆਂ ਨਾਲ ਬੱਚੇ ਬਣ ਜਾਣਾ ਵੀ ਕਿੰਨੀ ਚੰਗੀ ਗੱਲ ਆ। ਮੈਨੂੰ ਲੱਗਦਾ ਸਾਰੀਆਂ ਗੱਲਾਂ ਦਾ ਇਹੀ ਹੱਲ ਆ।'ਸ਼ਾਹਕੋਟ' 8 ਅਕਤੂਬਰ ਨੂੰ ਰਿਲੀਜ਼ ਹੋਣ ਜਾ ਰਹੀ। ਇਸ ਵੀਡੀਓ ਨੂੰ ਫੈਨਜ਼ ਦਾ ਕਾਫੀ ਪਿਆਰ ਮਿਲ ਰਿਹਾ ਹੈ। ਉਹ ਕੁਮੈਂਟ ਕਰਕੇ ਆਪਣਾ ਪਿਆਰ ਦਿਖਾ ਰਹੇ ਹਨ।

# ਅਦਾਕਾਰ ਮਲਕੀਤ ਰੌਣੀ ਦੇ ਪਿਤਾ ਦਾ ਹੋਇਆ ਦਿਹਾਂਤ, ਅੱਜ ਹੋਵੇਗੀ ਅੰਤਿਮ ਅਰਦਾਸ



ਮਲਕੀਤ ਸਿੰਘ ਰੌਣੀ ਪੰਜਾਬ ਦੇ ਚੋਣਵੇਂ ਕਲਾਕਾਰਾਂ ਵਿੱਚੋਂ ਹਨ ਜਿਨ੍ਹਾਂ ਨੂੰ ਹਾਲੀਵੁੱਡ ਫ਼ਿਲਮਾਂ 'ਚ ਵੀ ਕੰਮ ਕਰਨ ਦਾ ਮੌਕਾ ਮਿਲਿਆ।ਮਲਕੀਤ ਰੌਣੀ ਇੱਕ ਅਦਾਕਾਰ ਦੇ ਨਾਲ-ਨਾਲ ਸਮਾਜਿਕ ਮੁੱਦਿਆਂ ਪ੍ਰਤੀ ਚੇਤਨਾ ਰੱਖਣ ਵਾਲੇ ਇਨਸਾਨ ਵੀ ਹਨ। ਹਾਲ ਹੀ 'ਚ ਅਦਾਕਾਰ ਨੇ ਇੰਸਟਾਗ੍ਰਾਮ 'ਤੇ ਪੋਸਟ ਸਾਂਝੀ ਕੀਤੀ ਹੈ। ਅਦਾਕਾਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ ਹੈ।ਇਸ ਬਾਰੇ ਅਦਾਕਾਰ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਭੋਗ ਤੇ ਅੰਤਿਮ ਅਰਦਾਸ ਦੇ ਬਾਰੇ ਜਾਣਕਾਰੀ ਦਿੱਤੀ ਹੈ।ਉਨ੍ਹਾਂ ਦੇ ਵੱਲੋਂ ਸਾਂਝੀ ਕੀਤੀ ਇਸ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਪੂਜਨੀਕ ਪਿਤਾ ਸਰਦਾਰ ਸੁਖਦੇਵ ਸਿੰਘ ਹੀ 9 ਅਗਸਤ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ ।ਉਨ੍ਹਾਂ ਦੀ ਆਤਮਿਕ ਸ਼ਾਂਤੀ ਦੇ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 13 ਅਗਸਤ ਦਿਨ ਮੰਗਲਵਾਰ ਨੂੰ ਪਵੇਗਾ ਅਤੇ ਅੰਤਿਮ ਅਰਦਾਸ ਦੁਪਹਿਰ ਬਾਰਾਂ ਤੋਂ ਇੱਕ ਵਜੇ ਤੱਕ ਪਿੰਡ ਮੁਸ਼ਕਾਬਾਦ ਲੁਧਿਆਣਾ ਵਿਖੇ ਹੋਵੇਗੀ। ਸੋ ਆਪ ਜੀ ਭੋਗ ਤੇ ਅੰਤਿਮ ਅਰਦਾਸ 'ਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ । ਮਲਕੀਤ ਰੌਣੀ ਨੇ ਜਿਉਂ ਹੀ ਇਸ ਖਬਰ ਨੂੰ ਆਪਣੇ ਫੈਨਸ ਦੇ ਨਾਲ ਸਾਂਝਾ ਕੀਤਾ ਤਾਂ ਹਰ ਕੋਈ ਇਸ 'ਤੇ ਅਫਸੋਸ ਪ੍ਰਗਟ ਕਰ ਰਿਹਾ ਹੈ।

ਮਲਕੀਤ ਰੌਣੀ ਦੇ ਵਰਕ ਫ੍ਰੰਟ ਦੀ ਗੱਲ ਕਰੀਏ ਤਾਂ ਉਹ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਇੰਡਸਟਰੀ 'ਚ ਸਰਗਰਮ ਨੇ ਅਤੇ ਇੱਕ ਤੋਂ ਬਾਅਦ ਇੱਕ ਹਿੱਟ ਫ਼ਿਲਮਾਂ ਦੇ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦੇ ਆ ਰਹੇ ਹਨ । ਉਹ ਹਮੇਸ਼ਾ ਹੀ ਫ਼ਿਲਮਾਂ 'ਚ ਸਿੱਖੀ ਸਰੂਪ 'ਚ ਨਜ਼ਰ ਆਉਂਦੇ ਹਨ ।

# Vaani Kapoor ਨੇ ਗੋਲਡਨ ਸਾੜ੍ਹੀ ਸਾਂਝੀਆਂ ਕੀਤੀਆਂ ਖੂਬਸੂਰਤ ਤਸਵੀਰਾਂ



ਬਾਲੀਵੁੱਡ ਦੀ ਖੂਬਸੂਰਤ ਅਦਾਕਾਰਾ ਵਾਣੀ ਕਪੂਰ ਨੇ ਇਕ ਵਾਰ ਫਿਰ ਆਪਣੇ ਲੁੱਕ ਨਾਲ ਸਾਰਿਆਂ ਨੂੰ ਪ੍ਰਭਾਵਿਤ ਕੀਤਾ ਹੈ। ਆਪਣੀ ਆਉਣ ਵਾਲੀ ਫਿਲਮ 'ਖੇਲ ਖੇਲ ਮੇਂ' ਦੇ ਪ੍ਰਮੋਸ਼ਨ ਦੌਰਾਨ ਵਾਣੀ ਨੂੰ ਗੋਲਡਨ ਸਾੜ੍ਹੀ 'ਚ ਦੇਖਿਆ ਗਿਆ ਸੀ, ਜਿਸ 'ਚ ਉਹ ਬੇਹੱਦ ਖੂਬਸੂਰਤ ਲੱਗ ਰਹੀ ਸੀ। ਵਾਣੀ ਨੇ ਇਸ ਲੁੱਕ ਨੂੰ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਹੈ, ਜਿਸ ਤੋਂ ਬਾਅਦ ਇਹ ਤਸਵੀਰਾਂ ਵਾਇਰਲ ਹੋ ਰਹੀਆਂ ਹਨ।ਗੋਲਡਨ ਪ੍ਰਿੰਟਿਡ ਸਾੜ੍ਹੀ, ਬਲੈਕ ਬਲਾਊਜ਼, ਬੰਨ੍ਹੇ ਹੋਏ ਵਾਲ ਅਤੇ ਹਲਕੇ ਮੇਕਅਪ 'ਚ ਵਾਣੀ ਦਾ ਲੁੱਕ ਕਾਫੀ ਸ਼ਾਨਦਾਰ ਲੱਗ ਰਿਹਾ ਹੈ। ਉਸ ਨੇ ਆਪਣੀਆਂ ਤਸਵੀਰਾਂ 'ਚ ਕਈ ਤਰ੍ਹਾਂ ਦੇ ਪੋਜ਼ ਦਿੱਤੇ ਹਨ, ਜਿਸ 'ਚ ਉਸ ਦਾ ਅੰਦਾਜ਼ ਦੇਖਣ ਯੋਗ ਹੈ।ਵਾਣੀ ਕਪੂਰ ਦੀ ਇਹ ਫਿਲਮ ਅਕਸ਼ੈ ਕੁਮਾਰ ਨਾਲ ਹੈ। ਇਸ ਜੋੜੀ ਨੂੰ ਪਹਿਲੀ ਵਾਰ ਪਰਦੇ 'ਤੇ ਇਕੱਠੇ ਦੇਖਣ ਲਈ ਦਰਸ਼ਕ ਕਾਫੀ ਉਤਸ਼ਾਹਿਤ ਹਨ। ਫਿਲਮ 'ਖੇਲ ਖੇਲ ਮੈਂ' 15 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਮੁਦੱਸਰ ਅਜ਼ੀਜ਼ ਦੁਆਰਾ ਨਿਰਦੇਸ਼ਿਤ ਇਸ ਫਿਲਮ ਵਿੱਚ ਫਰਦੀਨ ਖਾਨ, ਤਾਪਸੀ ਪੰਨੂ ਵਰਗੇ ਸਿਤਾਰੇ ਵੀ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।ਵਾਣੀ ਕਪੂਰ ਦੇ ਇਸ ਲੁੱਕ ਨੂੰ ਉਸ ਦੇ ਫੈਨਜ਼ ਕਾਫੀ ਪਸੰਦ ਕਰ ਰਹੇ ਹਨ। ਪ੍ਰਸ਼ੰਸਕ ਇਨ੍ਹਾਂ ਤਸਵੀਰਾਂ ਨੂੰ ਲਗਾਤਾਰ ਕੁਮੈਂਟ ਕਰ ਰਹੇ ਹਨ।

# ਮੁਨੱਵਰ ਫਾਰੂਕੀ ਨੇ ਮੰਗੀ ਮੁਆਫੀ, ਕੋਂਕਣੀ ਭਾਈਚਾਰੇ 'ਤੇ ਦਿੱਤਾ ਸੀ ਇਤਰਾਜ਼ਯੋਗ ਬਿਆਨ



ਮਸ਼ਹੂਰ ਸਟੈਂਡਅੱਪ ਕਾਮੇਡੀਅਨ ਮੁਨੱਵਰ ਫਾਰੂਕੀ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਏ ਹਨ। ਇਸ ਵਾਰ ਮਹਾਰਾਸ਼ਟਰ ਦੇ ਕੋਂਕਣ ‘ਚ ਰਹਿਣ ਵਾਲੇ ਲੋਕਾਂ ਲਈ ਉਨ੍ਹਾਂ ਨੇ ਕੁਝ ਅਜਿਹਾ ਕਹਿ ਦਿੱਤਾ ਜਿਸ ਨਾਲ ਭਾਜਪਾ ਅਤੇ ਸ਼ਿਵ ਸੈਨਾ ਸ਼ਿੰਦੇ ਧੜੇ ਨੂੰ ਗੁੱਸਾ ਆ ਗਿਆ। ਦੋਵਾਂ ਧਿਰਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਮੁਨੱਵਰ ਨੇ ਮੁਆਫੀ ਨਾ ਮੰਗੀ ਤਾਂ ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇਗਾ। ਹਾਲਾਂਕਿ ਵਿਵਾਦ ਵਧਦਾ ਦੇਖ ਮੁਨੱਵਰ ਨੇ ਮਾਫੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦਾ ਇਰਾਦਾ ਕਿਸੇ ਨੂੰ ਠੇਸ ਪਹੁੰਚਾਉਣਾ ਨਹੀਂ ਸੀ।ਦਰਅਸਲ ਮੁਨੱਵਰ ਫਾਰੂਕੀ ਨੇ ਇਕ ਸ਼ੋਅ ਕੀਤਾ ਸੀ, ਜਿਸ 'ਚ ਉਨ੍ਹਾਂ ਨੇ ਮਹਾਰਾਸ਼ਟਰ ਦੇ ਕੌਂਕਣ ਭਾਈਚਾਰੇ 'ਤੇ ਟਿੱਪਣੀ ਕੀਤੀ ਸੀ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਸੀ। ਮੁਨੱਵਰ ਨੇ ਕਿਹਾ ਸੀ ਕਿ ਕੌਂਕਣ ਭਾਈਚਾਰੇ ਦੇ ਲੋਕ ਚੂ** ਬਣਾਉਂਦੇ ਹਨ। ਜਿਸ ਸ਼ਬਦ ਦੀ ਵਰਤੋਂ ਮੁਨੱਵਰ ਨੇ ਆਪਣੇ ਮਜ਼ਾਕ ਸ਼ਬਦ ਚ ਕੀਤੀ ਹੈ, ਉਸ 'ਤੇ ਹੀ ਵਿਵਾਦ ਹੋ ਗਿਆ।ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਧੜੇ ਦੇ ਨੇਤਾ ਸਦਾ ਸਰਵੰਕਰ ਦੇ ਬੇਟੇ ਸਮਾਧਾਨ ਸਰਵੰਕਰ ਨੇ ਟਵੀਟ ਕੀਤਾ, "ਜੇ ਪਾਕਿਸਤਾਨ ਪ੍ਰੇਮੀ ਮੁਨੱਵਰ ਫਾਰੂਕੀ ਨੇ ਮੁਆਫ਼ੀ ਨਹੀਂ ਮੰਗੀ ਤਾਂ ਉਹ ਜਿੱਥੇ ਵੀ ਨਜ਼ਰ ਆਏਗਾ, ਉਸ ਦੀ ਕੁੱਟਮਾਰ ਕੀਤੀ ਜਾਵੇਗੀ ਅਤੇ ਜੋ ਵੀ ਮੁਨੱਵਰ ਨੂੰ ਕੁੱਟੇਗਾ, ਉਸ ਨੂੰ 1 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ।’ਹਾਲਾਂਕਿ ਵਿਵਾਦ ਵਧਦਾ ਦੇਖ ਕੇ ਕਾਮੇਡੀਅਨ ਮੁਨੱਵਰ ਨੇ ਮੁਆਫੀ ਮੰਗ ਲਈ ਹੈ। ਉਨ੍ਹਾਂ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਅਤੇ ਸਪੱਸ਼ਟ ਕੀਤਾ ਕਿ ਕੋਂਕਣੀ ਲੋਕਾਂ ਬਾਰੇ ਟਿੱਪਣੀ ਸਿਰਫ ਬਸ ਕਰਾਉਦ ਦਾ ਕੰਮ ਸੀ। ਸਟੈਂਡਅੱਪ ਕਾਮੇਡੀ ਦੇ ਖੇਤਰ ਵਿੱਚ ਇਹ ਇੱਕ ਆਮ ਪ੍ਰੈਕਟਿਸ ਹੈ, ਜਿੱਥੇ ਕਾਮੇਡੀਅਨ ਮਹਿਮਾਨਾਂ ਨਾਲ ਮਜ਼ਾਕ ਕਰਦਾ ਹੈ।

# ਤਲਾਕ ਦੇ 6 ਮਹੀਨੇ ਬਾਅਦ ਫਿਲਮਾਂ 'ਚ ਵਾਪਸੀ ਕਰ ਰਹੀ ਈਸ਼ਾ ਦਿਓਲ



ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਧੀ ਈਸ਼ਾ ਦਿਓਲ ਦਾ ਤਲਾਕ ਹੋ ਗਿਆ ਹੈ। ਭਰਤ ਤਖਤਾਨੀ ਨਾਲ ਵਿਆਹ ਦੇ 12 ਸਾਲ ਬਾਅਦ ਜੋੜੇ ਨੇ ਫਰਵਰੀ 2024 ਦੀ ਸ਼ੁਰੂਆਤ 'ਚ ਆਪਣੇ ਵੱਖ ਹੋਣ ਦਾ ਐਲਾਨ ਕੀਤਾ ਸੀ। ਹੁਣ ਤਲਾਕ ਦੇ 6 ਮਹੀਨੇ ਬਾਅਦ ਈਸ਼ਾ ਫਿਲਮਾਂ 'ਚ ਵਾਪਸੀ ਕਰਨ ਲਈ ਤਿਆਰ ਹੈ। ਇਕ ਹਾਲੀਆ ਫਿਲਮ ਦੇ ਇਵੈਂਟ ਦੌਰਾਨ ਫਿਲਮ ਨਾਲ ਜੁੜੀ ਇਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ 'ਚ ਉਹ ਬੇਹੱਦ ਖੂਬਸੂਰਤ ਲੱਗ ਰਹੀ ਹੈ।ਈਸ਼ਾ ਦਿਓਲ 12 ਅਗਸਤ 2024 ਨੂੰ ਵਿਕਰਮ ਭੱਟ ਦੇ ਇਕ ਸਮਾਗਮ 'ਚ ਸ਼ਾਮਲ ਹੋਈ। ਉਸ ਵਿਚ ਵਿਕਰਮ ਭੱਟ ਨੇ ਆਪਣੀਆਂ 4 ਆਉਣ ਵਾਲੀਆਂ ਫਿਲਮਾਂ ਦਾ ਐਲਾਨ ਕੀਤਾ। ਇਨ੍ਹਾਂ ਦੇ ਨਾਂ - ‘ਰਣ’, ‘ਵਿਰਾਟ’, ‘ਤੂੰ ਮੇਰੀ ਪੂਰੀ ਕਹਾਨੀ’ ਅਤੇ ‘ਤੁਮਕੋ ਮੇਰੀ ਕਸਮ’। ਫਿਲਮ 'ਤੁਮਕੋ ਮੇਰੀ ਕਸਮ' 'ਚ ਈਸ਼ਾ ਦਿਓਲ ਲੀਡ ਰੋਲ ਨਿਭਾਏਗੀ। ਉਨ੍ਹਾਂ ਤੋਂ ਇਲਾਵਾ ਇਸ ਫਿਲਮ 'ਚ ਅਨੁਪਮ ਖੇਰ, ਅਦਾ ਸ਼ਰਮਾ ਅਤੇ ਇਸ਼ਵਾਕ ਸਿੰਘ ਵੀ ਲੀਡ ਰੋਲ 'ਚ ਹੋਣਗੇ। ਇਸ ਫਿਲਮ ਦਾ ਨਿਰਦੇਸ਼ਨ ਵਿਕਰਮ ਭੱਟ ਕਰ ਰਹੇ ਹਨ, ਜੋ ਕਿ ਡਾਕਟਰ ਅਜੇ ਮੁਰੜੀਆ ਦੇ ਜੀਵਨ ਤੋਂ ਪ੍ਰੇਰਿਤ ਹੈ।ਈਸ਼ਾ ਦਿਓਲ ਨੇ ਕਈ ਬਾਲੀਵੁੱਡ ਫਿਲਮਾਂ 'ਚ ਕੰਮ ਕੀਤਾ ਹੈ। ਇਨ੍ਹਾਂ 'ਚ 'ਧੂਮ', 'ਨਾ ਤੁਮ ਜਾਨੋ ਨਾ ਹਮ', 'ਏਕ ਦੂਆ', 'ਨੋ ਐਂਟਰੀ', 'ਪਿਆਰੇ ਮੋਹਨ', 'ਯੁਵਾ', 'ਕੋਈ ਮੇਰੇ ਦਿਲ ਸੇ ਪੂਛੇ', 'ਜਸਟ ਮੈਰਿਡ' ਅਤੇ 'ਕਾਲ' ਵਰਗੀਆਂ ਫਿਲਮਾਂ ਦੇ ਨਾਂ ਸ਼ਾਮਲ ਹਨ। ਈਸ਼ਾ ਨੇ ਵਿਆਹ ਤੋਂ ਬਾਅਦ ਆਪਣਾ ਫਿਲਮੀ ਕਰੀਅਰ ਛੱਡ ਦਿੱਤਾ ਸੀ ਪਰ ਹੁਣ ਤਲਾਕ ਤੋਂ ਬਾਅਦ ਉਹ ਬਾਲੀਵੁੱਡ 'ਚ ਵਾਪਸੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

# ਅਦਾਕਾਰ ਗੈਵੀ ਚਾਹਲ ਦੇ ਪੁੱਤਰ ਨੇ ਤੈਰਾਕੀ 'ਚ ਮਾਰੀਆਂ ਮੱਲਾਂ



ਬਾਲੀਵੁੱਡ ਤੇ ਪਾਲੀਵੁੱਡ ਦੇ ਕਮਾਲ ਦੇ ਅਦਾਕਾਰਾ ਗੈਵੀ ਚਾਹਲ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿੰਦੇ ਹਨ। ਉਹ ਅਕਸਰ ਹੀ ਆਪਣੀ ਮਜ਼ੇਦਾਰ ਵੀਡੀਓਜ਼ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦੇ ਰਹਿੰਦੇ ਹਨ। ਹਾਲ ਹੀ 'ਚ ਉਸ ਨੇ ਪੁੱਤਰ ਨਾਲ ਤਸਵੀਰ ਸਾਂਝੀ ਕੀਤੀ ਹੈ।ਅਦਾਕਾਰ ਗੈਵੀ ਚਾਹਲ ਦੇ ਪੁੱਤਰ ਗੁਰਫਤਿਹ ਨੇ ਤੈਰਾਕੀ 'ਚ ਮੱਲਾਂ ਮਾਰੀਆਂ ਹਨ । ਅਦਾਕਾਰ ਨੇ ਪੁੱਤਰ ਨੇ ਮਹਾਰਾਸ਼ਟਰ ਸਟੇਟ ਲੈਵਲ 50ਵੀਂ ਜੂਨੀਅਰ ਅਤੇ 40ਵੇਂ ਸਬ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ 'ਚ ਇੱਕ ਸਿਲਵਰ ਦਾ ਮੈਡਲ ਜਿੱਤਿਆ ਜਦੋਂਕਿ ਚਾਰ ਬਰੌਂਜ਼ ਮੈਡਲ ਜਿੱਤੇ ਹਨ । ਜਿਸ ਦੀਆਂ ਤਸਵੀਰਾਂ ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਹਨ । ਜਿਉਂ ਹੀ ਗੈਵੀ ਚਾਹਲ ਨੇ ਇਨ੍ਹਾਂ ਤਸਵੀਰਾਂ ਨੂੰ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝਾ ਕੀਤਾ ਤਾਂ ਉਨ੍ਹਾਂ ਨੂੰ ਵਧਾਈਆਂ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ । ਦੱਸ ਦਈਏ ਗੈਵੀ ਚਾਹਲ 'ਯਾਰਾਂ ਨਾਲ ਬਹਾਰਾਂ', 'ਪਿੰਕੀ ਮੋਗੇ ਵਾਲੀ', 'ਮਹਿੰਦੀ ਵਾਲੇ ਹੱਥ' ਅਤੇ 'ਯਾਰਾਨਾ' ਵਰਗੀਆਂ ਸੁਪਰ ਹਿੱਟ ਪੰਜਾਬੀ ਫ਼ਿਲਮਾਂ 'ਚ ਨਜ਼ਰ ਆ ਚੁੱਕੇ ਹਨ। ਇਸ ਤੋਂ ਇਲਾਵਾ ਬਾਲੀਵੁੱਡ ਫ਼ਿਲਮ ਜਿਵੇਂ 'ਏਕ ਥਾ ਟਾਈਗਰ' ਵਰਗੀ ਫ਼ਿਲਮਾਂ 'ਚ ਵੀ ਅਦਾਕਾਰੀ ਦੇ ਜਲਵੇ ਬਿਖੇਰ ਚੁੱਕੇ ਹਨ।

# ਗਾਇਕ ਬੱਬੂ ਮਾਨ ਨੇ ਬ੍ਰਿਸਬੇਨ 'ਚ ਲਗਾਏ ਚਾਰ ਚੰਨ



ਪੰਜਾਬੀ ਗਾਇਕਾਂ ਵਿੱਚੋਂ ਬੱਬੂ ਮਾਨ ਕਿਸੇ ਵੀ ਪਛਾਣ ਦੇ ਮੋਹਤਾਜ ਨਹੀਂ ਹਨ। ਉਹ ਆਪਣੇ ਬਹੁਤੇ ਗੀਤ ਆਪ ਲਿਖਦੇ ਹਨ। ਲਫ਼ਜ਼ਾਂ ਨਾਲ ਖੇਡਣ ਦਾ ਉਸ ਦਾ ਆਪਣਾ ਹੀ ਸਲੀਕਾ ਹੈ। ਉਸ ਦੇ ਗੀਤਾਂ ਦੇ ਮੁੱਖੜੇ ਆਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਨ ਵਾਲੇ ਹੁੰਦੇ ਹਨ।ਬੱਬੂ ਮਾਨ ਨੂੰ ਲਿਖਣਾ ਵੀ ਆਉਂਦਾ ਹੈ ਅਤੇ ਉਸ ਦੀ ਗਾਇਕੀ ਬਾਰੇ ਸਾਰੇ ਜਾਣੂ ਵੀ ਹਨ। ਸ਼ਬਦਾਂ ਦੇ ਉਚਾਰਣ ਵਿਚਲਾ ਰੰਗ ਉਸ ਦੀ ਗਾਇਕੀ ਨੂੰ ਚਾਰ ਚੰਨ ਲਾਉਂਦਾ ਹੈ।ਬੀਤੇ ਸ਼ਨੀਵਾਰ ਬ੍ਰਿਸਬੇਨ 'ਚ ਬੈਲਾ ਕਾਲਜ, ਕੁਈਨਸਲੈਂਡ ਟੈਕਸੀ ਕਲੱਬ, ਵਿਰਸਾ ਪ੍ਰੋਡਕਸ਼ਨ ਦੇ ਸਹਿਯੋਗ ਨਾਲ ਬੱਬੂ ਮਾਨ ਲਾਈਵ ਸ਼ੋਅ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਹਿੱਲਸੌਂਗ ਮਾਊਂਟ ਗਰਾਵਟ ਵਿਖੇ ਕਰਵਾਇਆ ਗਿਆ।ਬ੍ਰਿਸਬੇਨ ਵਾਸੀਆਂ ਤੇ ਨੌਜਵਾਨ ਪੀੜੀ 'ਚ ਬੱਬੂ ਮਾਨ ਨੂੰ ਵੇਖਣ ਤੇ ਸੁਣਨ ਲਈ ਭਾਰੀ ਉਸ਼ਾਹ ਸੀ। ਪ੍ਰੋਗਰਾਮ 'ਚ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਣ ਲਈ ਪੁਲਸ ਪ੍ਰਸ਼ਾਸਨ ਤੇ ਸਿਕਊਰਿਟੀ ਦਾ ਪੂਰਾ ਸਹਿਯੋਗ ਲਿਆ ਗਿਆ। ਇਸ ਮੌਕੇ ਬੱਬੂ ਮਾਨ ਨੂੰ ਸੁਣਨ ਆਏ ਸਰੋਤਿਆਂ ਦੀ ਫਰਮਾਇਸ਼ੀ ਤੇ 'ਚੰਨ ਚਾਨਣੀ', 'ਹਸ਼ਰ', 'ਉਚੀਆਂ ਇਮਾਰਤਾਂ' ਵਰਗੇ ਕਈ ਗੀਤ ਬੱਬੂ ਮਾਨ ਨੇ ਸਣਾਏ ਤੇ ਮਾਨ ਨੇ ਸਰੋਤਿਆਂ ਨੂੰ ਨਸ਼ਿਆਂ ਤੇ ਹੋਰਨਾਂ ਸਮਾਜਿਕ ਬੁਰਾਈਆ ਤੋਂ ਦੂਰ ਰਹਿਣ ਲਈ ਕਿਹਾ।ਇਸ ਮੌਕੇ ਬ੍ਰਿਸਬੇਨ ਦੀਆਂ ਕਈ ਨਾਮਵਰ ਹਸਤੀਆਂ ਮੌਜੂਦ ਸਨ ਤੇ ਸ਼ੋਅ ਦੌਰਾਨ ਮੰਚ ਦਾ ਸੰਚਾਲਨ ਜਯੋਤੀ-ਅਮਰਜੋਤ ਗੋਰਾਇਆ ਵੱਲੋਂ ਕੀਤਾ ਗਿਆ ਅਤੇ ਪ੍ਰਬੰਧਕ ਰਿਕੀ ਰੰਧਾਵਾ, ਰਵੀ ਧਾਲੀਵਾਲ, ਰਿੰਕੂ ਮਾਡੀ, ਸਨੀ ਸਿੰਘ ਵੱਲੋਂ ਪੰਜਾਬੀ ਭਾਈਚਾਰੇ ਦਾ ਸ਼ੋਅ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ ਗਿਆ।

## ਸੱਤਾਧਾਰੀ ਗਠਜੋੜ ਨੇ ਸਾਬਕਾ ISI ਮੁਖੀ ਦੀ ਗ੍ਰਿਫ਼ਤਾਰੀ ਦਾ ਕੀਤਾ ਸਵਾਗਤ




ਸੱਤਾਧਾਰੀ ਗਠਜੋੜ ਨੇ ਇਕ ਰਿਹਾਇਸ਼ ਯੋਜਨਾ ਘੁਟਾਲੇ ਦੇ ਸਬੰਧ ਵਿਚ ਖੁਫੀਆ ਏਜੰਸੀ ਆਈ.ਐਸ.ਆਈ ਦੇ ਸਾਬਕਾ ਮੁਖੀ ਲੈਫਟੀਨੈਂਟ ਜਨਰਲ (ਸੇਵਾਮੁਕਤ) ਫੈਜ਼ ਹਮੀਦ ਦੀ ਗ੍ਰਿਫ਼ਤਾਰੀ ਦਾ ਸਵਾਗਤ ਕੀਤਾ। ਸਾਬਕਾ ਪ੍ਰਧਾਨ ਮੰਤਰੀ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਨੇ ਹਾਲਾਂਕਿ ਹਾਊਸਿੰਗ ਸਕੀਮ ਘੁਟਾਲੇ ਵਿੱਚ ਹਮੀਦ ਦੀ ਕਥਿਤ ਸ਼ਮੂਲੀਅਤ 'ਤੇ ਨਿਰਪੱਖ ਰਹਿਣ ਦਾ ਫ਼ੈਸਲਾ ਕੀਤਾ ਅਤੇ ਇਸਨੂੰ ਫੌਜ ਦਾ "ਅੰਦਰੂਨੀ ਮਾਮਲਾ" ਕਰਾਰ ਦਿੱਤਾ। ਹਮੀਦ ਨੇ 2019 ਤੋਂ 2021 ਤੱਕ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ISI) ਦੇ ਮੁਖੀ ਵਜੋਂ ਸੇਵਾ ਕੀਤੀ, ਜਦੋਂ ਇਮਰਾਨ ਖਾਨ ਪ੍ਰਧਾਨ ਮੰਤਰੀ ਸਨ। ਉਸ 'ਤੇ ਇਮਰਾਨ ਦੇ ਉਕਸਾਉਣ 'ਤੇ ਸਿਆਸੀ ਮਾਮਲਿਆਂ 'ਚ ਦਖਲ ਦੇਣ ਦਾ ਦੋਸ਼ ਸੀ।
ਫੌਜ ਅਨੁਸਾਰ ਫੌਜੀ ਅਧਿਕਾਰੀਆਂ ਨੇ ਸੋਮਵਾਰ ਨੂੰ ਹਮੀਦ ਨੂੰ ਗ੍ਰਿਫਤਾਰ ਕੀਤਾ ਅਤੇ ਅਹੁਦੇ ਦੀ ਕਥਿਤ ਦੁਰਵਰਤੋਂ ਦੇ ਦੋਸ਼ ਵਿੱਚ ਪਾਕਿਸਤਾਨ ਆਰਮੀ ਐਕਟ ਦੀਆਂ ਧਾਰਾਵਾਂ ਦੇ ਤਹਿਤ ਉਸਦੇ ਖ਼ਿਲਾਫ਼ ਕੋਰਟ ਮਾਰਸ਼ਲ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਫੌਜ ਮੁਤਾਬਕ ਟਾਪ ਸਿਟੀ ਹਾਊਸਿੰਗ ਸੋਸਾਇਟੀ ਦੇ ਮਾਲਕ ਦੇ ਘਰ 'ਤੇ ਕਥਿਤ ਛਾਪੇਮਾਰੀ ਦੀਆਂ ਸ਼ਿਕਾਇਤਾਂ ਦੀ ਜਾਂਚ ਤੋਂ ਬਾਅਦ ਹਮੀਦ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸੁਸਾਇਟੀ ਦੇ ਮਾਲਕ ਨੇ ਪਾਕਿਸਤਾਨ ਦੀ ਸੁਪਰੀਮ ਕੋਰਟ ਵਿੱਚ ਦਾਇਰ ਆਪਣੀ ਪਟੀਸ਼ਨ ਵਿੱਚ ਦੋਸ਼ ਲਾਇਆ ਸੀ ਕਿ 12 ਮਈ 2017 ਨੂੰ ਜਨਰਲ ਹਮੀਦ ਦੇ ਹੁਕਮਾਂ 'ਤੇ ਆਈ.ਐਸ.ਆਈ ਅਧਿਕਾਰੀਆਂ ਨੇ ਇਸਲਾਮਾਬਾਦ ਵਿੱਚ ਟਾਪ ਸਿਟੀ ਹਾਊਸਿੰਗ ਸੁਸਾਇਟੀ ਦੇ ਦਫ਼ਤਰ ਅਤੇ ਉਸ ਦੀ ਰਿਹਾਇਸ਼ 'ਤੇ ਛਾਪਾ ਮਾਰ ਕੇ ਹੀਰੇ-ਗਹਿਣੇ ਅਤੇ ਨਕਦੀ ਸਮੇਤ ਹੋਰ ਕੀਮਤੀ ਸਾਮਾਨ ਜ਼ਬਤ ਕੀਤਾ। ਸਿੱਦੀਕੀ ਨੇ ਇਮਰਾਨ ਦੇ ਉਸ ਬਿਆਨ ਦਾ ਹਵਾਲਾ ਦਿੱਤਾ ਜਿਸ 'ਚ ਉਸ ਨੇ ਕਿਹਾ ਸੀ ਕਿ ਹਮੀਦ ਨੇ ਨੈਸ਼ਨਲ ਅਸੈਂਬਲੀ 'ਚ ਕਾਨੂੰਨ ਪਾਸ ਕਰਨ ਅਤੇ ਲੋੜੀਂਦੇ ਮੈਂਬਰਾਂ ਦਾ ਸਮਰਥਨ ਇਕੱਠਾ ਕਰਨ 'ਚ ਉਨ੍ਹਾਂ ਦੀ ਪਾਰਟੀ ਦੀ ਮਦਦ ਕੀਤੀ ਸੀ। ਉਨ੍ਹਾਂ ਨੇ ਹਮੀਦ 'ਤੇ ਆਮ ਚੋਣਾਂ 'ਚ ਪੀ.ਟੀ.ਆਈ ਦਾ ਸਮਰਥਨ ਕਰਨ ਦਾ ਵੀ ਦੋਸ਼ ਲਗਾਇਆ। ਪੀ.ਪੀ.ਪੀ ਨੇਤਾ ਕਮਰ ਜ਼ਮਾਨ ਕੈਰਾ ਨੇ ਫੌਜ ਦੀ ਅੰਦਰੂਨੀ ਜਵਾਬਦੇਹੀ ਵਿਧੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜਾਂਚ ਨੇ ਹਮੀਦ ਦੀ ਕਈ ਉਲੰਘਣਾਵਾਂ ਵਿੱਚ ਸ਼ਮੂਲੀਅਤ ਦੀ ਪੁਸ਼ਟੀ ਕੀਤੀ ਹੈ, ਜਿਸ ਨਾਲ ਪਾਕਿਸਤਾਨ ਆਰਮੀ ਐਕਟ ਦੇ ਤਹਿਤ ਉਸਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

## 8 ਮਹੀਨੇ ਪਹਿਲਾਂ ਕੈਨੇਡਾ ਪੁੱਜੇ ਭਾਰਤੀ ਵਿਦਿਆਰਥੀ ਨਾਲ ਵਾਪਰੀ ਅਣਹੋਣੀ



ਕੈਨੇਡਾ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਕੈਨੇਡਾ 'ਚ ਕਰਨਾਲ ਦੇ ਨੌਮਿਤ ਗੋਸਵਾਮੀ (20) ਦੀ ਪੂਲ ਪਾਰਟੀ ਦੌਰਾਨ ਸਵੀਮਿੰਗ ਪੂਲ 'ਚ ਨਹਾਉਂਦੇ ਸਮੇਂ ਡੁੱਬਣ ਕਾਰਨ ਮੌਤ ਹੋ ਗਈ। 8 ਮਹੀਨੇ ਪਹਿਲਾਂ ਪਿਤਾ ਨੇ ਆਪਣਾ ਪਲਾਟ ਵੇਚ ਕੇ ਬੇਟੇ ਨੂੰ ਸਟੱਡੀ ਵੀਜ਼ੇ 'ਤੇ ਕੈਨੇਡਾ ਭੇਜਿਆ ਸੀ। ਉਹ ਓਂਟਾਰੀਓ ਸਿਟੀ ਵਿੱਚ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਸੀ ਅਤੇ ਪੜ੍ਹਾਈ ਦੌਰਾਨ ਉਹ ਇੱਕ ਰੈਸਟੋਰੈਂਟ ਵਿੱਚ ਕੰਮ ਵੀ ਕਰਦਾ ਸੀ। 11 ਅਗਸਤ ਦੀ ਰਾਤ ਨੂੰ ਨੌਮਿਤ ਪੁੱਤਰ ਸੁਭਾਸ਼ ਕੈਨੇਡਾ 'ਚ ਆਪਣੇ ਇਕ ਦੋਸਤ ਦੀ ਪੂਲ ਪਾਰਟੀ 'ਚ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਰਾਤ ਕਰੀਬ 8.30 ਵਜੇ ਨੌਮਿਤ ਇਕੱਲਾ ਹੀ ਸਵੀਮਿੰਗ ਪੂਲ ਵਿਚ ਨਹਾਉਣ ਗਿਆ ਸੀ। ਸ਼ੁਰੂ ਵਿੱਚ ਉਹ ਘੱਟ ਡੂੰਘਾਈ ਵਿੱਚ ਸੀ ਪਰ ਅਚਾਨਕ ਉਹ ਡੂੰਘਾਈ ਵਿੱਚ ਪਹੁੰਚ ਗਿਆ। ਘਟਨਾ ਸਮੇਂ ਉਸ ਦੇ ਹੋਰ ਦੋਸਤ ਹਾਲ ਦੇ ਅੰਦਰ ਇੱਕ ਪਾਰਟੀ ਵਿੱਚ ਸਨ। ਇੱਕ ਦੋਸਤ ਦਾ ਧਿਆਨ ਨੌਮਿਤ 'ਤੇ ਪਿਆ। ਨੌਮਿਤ ਪਾਣੀ ਵਿੱਚ ਡੁੱਬ ਗਿਆ ਸੀ।

## ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹੋਏ ਤਿੰਨ ਦਿਨਾ ਸਮਾਗਮ



ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਅਤੇ ਬਾਬਾ ਈਸ਼ਰ ਸਿੰਘ ਦੇ ਜਨਮ ਦਿਨ ਸਬੰਧੀ ਟੋਰਾਂਟੋ ਕੈਨੇਡਾ ਵਿਖੇ ਤਿਨ ਦਿਨਾ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਜਿਥੇ ਵੱਖ-ਵੱਖ ਜਥਿਆਂ ਨੇ ਹਾਜਰੀ ਭਰੀ ਉਥੇ ਸ਼੍ਰੋਮਣੀ ਕਮੇਟੀ ਵਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਬਾਬਾ ਬਲਕਾਰ ਸਿੰਘ ਫ਼ਤਹਿਗੜ੍ਹ ਪੰਜਗਰਾਈਆਂ (ਮਾਲੇਰਕੋਟਲਾ) ਵੱਲੋਂ ਸ਼੍ਰੋਮਣੀ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਇਨ੍ਹਾ ਤਿੰਨ ਦਿਨਾ ਗੁਰਮਤਿ ਸਮਾਗਮਾਂ ਸਮੇਂ ਪੰਥ ਦੇ ਪ੍ਰਸਿੱਧ ਰਾਗੀ ਭਾਈ ਗੁਰਜੀਤ ਸਿੰਘ ਬੈਂਕਾ, ਭਾਈ ਨਿਰਭੈ ਸਿੰਘ ਸ੍ਰੀ ਦਮਦਮਾ ਸਾਹਿਬ, ਭਾਈ ਹਰਪਾਲ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕਥਾਵਾਚਕ ਗਿਆਨੀ ਰਵਿੰਦਰਪਾਲ ਸਿੰਘ ਗੁਰੂਸਰ ਸੁਧਾਰ, ਕਵੀਸ਼ਰ ਗਿਆਨੀ ਗੁਰਿੰਦਰਪਾਲ ਸਿੰਘ ਬੈਂਕਾ, ਗਿਆਨੀ ਭਗਵੰਤ ਸਿੰਘ ਸੂਰਵਿੰਡ, ਢਾਡੀ ਗਿਆਨੀ ਜਗਦੀਸ਼ ਸਿੰਘ ਬੰਡਾਲਾ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰ-ਇਤਿਹਾਸ ਨਾਲ ਜੋੜਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਬਾਬਾ ਬਲਕਾਰ ਸਿੰਘ ਸੰਪ੍ਰਦਾਇ ਰਾੜਾ ਸਾਹਿਬ ਨੇ ਸੰਬੋਧਨ ਕਰਦਿਆਂ ਸੰਗਤਾਂ ਨਾਲ ਗੁਰ-ਇਤਿਹਾਸ ਦੀ ਸਾਂਝ ਪਾਈ। ਸਮਾਗਮਾਂ ਦੌਰਾਨ ਜਿੱਥੇ ਗੁਰੂ ਕੇ ਲੰਗਰ ਅਤੁੱਟ ਵਰਤੇ ਉੱਥੇ ਨਾਲ ਹੀ ਗੁਰਮੁਖੀ ਦੇ ਲਿਟਰੇਚਰ ਅਤੇ ਦਸਤਾਰਾਂ ਦੇ ਫ੍ਰੀ ਲੰਗਰ ਵੀ ਲਗਾਏ ਗਏ।

## ਆਸਟ੍ਰੇਲੀਆ ਦੇ ਵੱਖ-ਵੱਖ ਹਿੱਸਿਆਂ 'ਚ ਭਾਰੀ ਮੀਂਹ ਪੈਣ ਦੀ ਚਿਤਾਵਨੀ



ਆਸ਼ਟ੍ਰੇਲੀਆ ਦੇ ਵੱਖ-ਵੱਖ ਹਿੱਸਿਆਂ ਵਿਚ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਕੁਈਨਜ਼ਲੈਂਡ ਵੱਲ ਵੱਧ ਰਹੀ ਇੱਕ ਮੌਸਮ ਪ੍ਰਣਾਲੀ ਨੇ ਉੱਤਰੀ NSW ਦੇ ਹੜ੍ਹ ਪ੍ਰਭਾਵਿਤ ਹਿੱਸਿਆਂ ਵਿੱਚ ਬੇਮੌਸਮੀ ਭਾਰੀ ਬਾਰਸ਼ ਲਿਆਂਦੀ ਹੈ। ਮੌਸਮ ਵਿਗਿਆਨ ਬਿਊਰੋ ਨੇ ਉੱਤਰੀ ਨਦੀਆਂ ਸਮੇਤ ਟਵੀਡ ਕੋਸਟ ਅਤੇ ਕੌਫਸ ਹਾਰਬਰ ਵਿਚਕਾਰ ਅੱਜ ਸ਼ਾਮ ਅਤੇ ਕੱਲ੍ਹ ਤੱਕ 100 ਮਿਲੀਮੀਟਰ ਹੋਰ ਵਿਆਪਕ ਬਾਰਿਸ਼ ਦੀ ਭਵਿੱਖਬਾਣੀ ਕੀਤੀ ਹੈ।ਟਵੀਡ, ਬਰਨਸਵਿਕ, ਰਿਚਮੰਡ, ਵਿਲਸਨ, ਓਰਾਰਾ ਅਤੇ ਬੇਲਿੰਗਰ ਨਦੀਆਂ ਦਾ ਪੱਧਰ ਵਧਣ ਦੀ ਉਮੀਦ ਹੈ। ਬੀਤੀ ਰਾਤ NSW ਤੱਟ 'ਤੇ ਲਗਭਗ 200mm ਬਾਰਿਸ਼ ਹੋਈ, ਜਿਸ ਨਾਲ ਡਿੱਗੇ ਦਰੱਖਤਾਂ ਅਤੇ ਲੀਕੀਆਂ ਛੱਤਾਂ ਲਈ SES ਨੂੰ 163 ਤੋਂ ਵੱਧ ਕਾਲਾਂ ਕੀਤੀਆਂ ਗਈਆਂ। ਐਸ.ਈ.ਐਸ ਨੇ ਕਿਹਾ ਕਿ ਚਾਲਕ ਦਲ ਉੱਚ ਜੋਖਮ ਵਾਲੇ ਖੇਤਰਾਂ ਵਿੱਚ ਅਗਲੇਰੀ ਬਾਰਿਸ਼ ਲਈ ਚੰਗੀ ਤਰ੍ਹਾਂ ਤਿਆਰ ਹਨ ਪਰ ਲੋਕਾਂ ਨੂੰ ਹੜ੍ਹ ਦੇ ਪਾਣੀ ਵਿੱਚ ਦਾਖਲ ਹੋਣ ਤੋਂ ਬਚਣ ਦੀ ਅਪੀਲ ਕੀਤੀ। ਕਾਰਜਕਾਰੀ ਚੀਫ਼ ਸੁਪਰਡੈਂਟ ਕ੍ਰਿਸਟੀਨ ਮੈਕਡੋਨਲਡ ਨੇ ਕਿਹਾ, "ਅਸੀਂ ਮੌਸਮ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਾਂ ਅਤੇ ਪੈਦਾ ਹੋਣ ਵਾਲੀ ਕਿਸੇ ਵੀ ਐਮਰਜੈਂਸੀ ਦਾ ਤੁਰੰਤ ਜਵਾਬ ਦੇਣ ਲਈ ਤਿਆਰ ਹਾਂ।"ਇਸ ਹਫਤੇ ਦੇ ਸ਼ੁਰੂ ਵਿੱਚ ਕਈ ਸੜਕਾਂ ਪਹਿਲਾਂ ਹੀ ਹੜ੍ਹ ਦੇ ਪਾਣੀ ਵਿੱਚ ਡੁੱਬੀਆਂ ਹੋਈਆਂ ਹਨ, ਇਸ ਲਈ ਲੋਕਾਂ ਨੂੰ ਮੀਂਹ ਵਿੱਚ ਬੇਲੋੜੀ ਯਾਤਰਾ ਤੋਂ ਬਚਣ ਦੇ ਨਿਰਦੇਸ਼ ਦਿੱਤੇ ਗਏ ਹਨ। ਬਾਇਰਨ ਖਾੜੀ ਵਿੱਚ ਪਿਛਲੇ 48-ਘੰਟਿਆਂ ਵਿੱਚ ਬਾਲੀਨਾ ਵਿੱਚ 211.6 ਮਿਲੀਮੀਟਰ ਵਰਖਾ ਹੋਈ - ਜੋ ਅਗਸਤ ਦੀ ਔਸਤ 85.7 ਮਿਲੀਮੀਟਰ ਤੋਂ ਬਹੁਤ ਜ਼ਿਆਦਾ ਹੈ। ਅੱਜ ਸਵੇਰੇ 9 ਵਜੇ ਤੋਂ ਲੈ ਕੇ 24 ਘੰਟਿਆਂ ਦੌਰਾਨ ਲਿਸਮੋਰ ਨੇੜੇ ਟਕੌਂਬਿਲ ਵਿਖੇ ਸਭ ਤੋਂ ਭਾਰੀ ਮੀਂਹ ਦਰਜ ਕੀਤਾ ਗਿਆ, ਜਿਸ ਵਿੱਚ 104 ਮਿਲੀਮੀਟਰ ਮੀਂਹ ਪਿਆ। ਸਿਡਨੀ ਵਿੱਚ ਅੱਜ ਅਤੇ ਕੱਲ੍ਹ 2 ਤੋਂ 25 ਮਿਲੀਮੀਟਰ ਮੀਂਹ ਪੈਣ ਦੀ ਸੰਭਾਵਨਾ ਹੈ।

## ਯੂਕਰੇਨ ਨੇ ਰੂਸ ਦੇ 30 ਡਰੋਨਾਂ ਨੂੰ ਡੇਗਣ ਦਾ ਕੀਤਾ ਦਾਅਵਾ

ਯੂਕਰੇਨ ਦੀ ਫ਼ੌਜ ਨੇ ਮੰਗਲਵਾਰ ਰਾਤ ਨੂੰ ਰੂਸ ਵੱਲੋਂ ਟਾਰਗੇਟ ਕਰ ਕੇ ਛੱਡੇ ਗਏ ਕਰੀਬ 30 ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਯੂਕਰੇਨੀ ਹਵਾਈ ਸੈਨਾ ਦੇ ਸੂਤਰਾਂ ਨੇ ਅੱਜ ਇੱਥੇ ਇੱਕ ਬਿਆਨ 'ਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਰੂਸ ਵੱਲੋਂ ਛੱਡੇ ਗਏ ਡਰੋਨ ਦੱਖਣੀ, ਉੱਤਰੀ ਤੇ ਮੱਧ ਯੂਕਰੇਨ ਦੇ ਅੱਠ ਖੇਤਰਾਂ ਵਿੱਚ ਨਸ਼ਟ ਕੀਤੇ ਗਏ। ਹਾਲਾਂਕਿ ਹਮਲੇ ਨੇ ਗੈਸ ਪਾਈਪਲਾਈਨ ਅਤੇ ਹਸਪਤਾਲ ਸਮੇਤ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਯੂਕਰੇਨ ਦੇ ਉੱਤਰ-ਪੂਰਬੀ ਸ਼ਹਿਰ ਸੁਮੀ ਵਿੱਚ ਹੋਏ ਹਮਲੇ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਸੁਮੀ ਖੇਤਰੀ ਫੌਜੀ ਪ੍ਰਸ਼ਾਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੰਗਲਵਾਰ ਸਵੇਰੇ ਯੂਕਰੇਨ ਵਿੱਚ ਇੱਕ ਦੇਸ਼ ਵਿਆਪੀ ਹਵਾਈ ਅਲਰਟ ਜਾਰੀ ਕੀਤਾ ਗਿਆ ਸੀ ਜਦੋਂ ਕਿੰਜਲ ਹਵਾਈ-ਲਾਂਚ ਬੈਲਿਸਟਿਕ ਮਿਜ਼ਾਈਲਾਂ ਨੂੰ ਲੈ ਕੇ ਇੱਕ ਮਿਗ -31 ਲੜਾਕੂ ਜਹਾਜ਼ ਇੱਕ ਰੂਸੀ ਏਅਰਫੀਲਡ ਤੋਂ ਉਡਾਣ ਭਰਿਆ ਸੀ।



## ਅਮਰੀਕਾ ਦੀ ਦੋ ਟੂੱਕ, ਬੰਗਲਾਦੇਸ਼ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਤੋਂ ਕੀਤਾ ਇਨਕਾਰ



ਅਮਰੀਕੀ ਰਾਸ਼ਟਰਪਤੀ ਦਫਤਰ ਵ੍ਹਾਈਟ ਹਾਊਸ ਨੇ ਬੰਗਲਾਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਅਮਰੀਕਾ ਦੇ ਦਖਲ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਬੰਗਲਾਦੇਸ਼ ਵਿਚ ਹਿੰਸਾ ਕਾਰਨ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਅਸਤੀਫ਼ਾ ਦੇਣ ਅਤੇ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ ਪੀਅਰੇ ਨੇ ਸੋਮਵਾਰ ਨੂੰ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ, ''ਬੰਗਲਾਦੇਸ਼ 'ਚ ਇਸ ਸਿਆਸੀ ਅਸਥਿਰਤਾ 'ਚ ਸਾਡੀ ਕੋਈ ਸ਼ਮੂਲੀਅਤ ਨਹੀਂ ਹੈ। ਇਨ੍ਹਾਂ ਘਟਨਾਵਾਂ ਵਿੱਚ ਅਮਰੀਕੀ ਪ੍ਰਸ਼ਾਸਨ ਦੀ ਸ਼ਮੂਲੀਅਤ ਬਾਰੇ ਕੋਈ ਵੀ ਖ਼ਬਰ ਜਾਂ ਅਫਵਾਹ ਪੂਰੀ ਤਰ੍ਹਾਂ ਝੂਠ ਹੈ। ਇਹ ਸੱਚ ਨਹੀਂ ਹੈ।'' ਜੀਨ-ਪੀਅਰੇ ਹਸੀਨਾ ਦੇ ਕਥਿਤ ਦਾਅਵੇ ਦਾ ਹਵਾਲਾ ਦਿੰਦੇ ਹੋਏ ਮੀਡੀਆ ਰਿਪੋਰਟਾਂ 'ਤੇ ਪ੍ਰਤੀਕਿਰਿਆ ਦੇ ਰਹੇ ਸਨ ਕਿ ਜੇਕਰ ਹਸੀਨਾ ਨੇ ਸੇਂਟ ਮਾਰਟਿਨ ਟਾਪੂ ਦਾ ਕੰਟਰੋਲ ਦਿੱਤਾ ਹੁੰਦਾ ਅਤੇ ਅਮਰੀਕਾ ਨੂੰ ਬੰਗਾਲ ਦੀ ਖਾੜੀ 'ਤੇ ਹਾਵੀ ਹੋਣ ਦੀ ਇਜਾਜ਼ਤ ਦਿੱਤੀ ਹੁੰਦੀ ਤਾਂ ਉਹ ਸੱਤਾ 'ਚ ਬਣੀ ਰਹਿੰਦੀ। ਹਸੀਨਾ ਦੇ ਬੇਟੇ ਸਜੀਬ ਵਾਜੇਦ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਦੀ ਮਾਂ ਨੇ ਅਜਿਹਾ ਕੋਈ ਬਿਆਨ ਦਿੱਤਾ ਹੈ। ਵਾਜੇਦ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ, ''ਹਾਲ ਹੀ 'ਚ ਇਕ ਅਖ਼ਬਾਰ 'ਚ ਪ੍ਰਕਾਸ਼ਿਤ ਅਸਤੀਫ਼ੇ ਸੰਬੰਧੀ ਮੇਰੀ ਮਾਂ ਦਾ ਬਿਆਨ ਪੂਰੀ ਤਰ੍ਹਾਂ ਨਾਲ ਝੂਠਾ ਅਤੇ ਮਨਘੜਤ ਹੈ। ਉਨ੍ਹਾਂ ਨੇ ਮੈਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਢਾਕਾ ਛੱਡਣ ਤੋਂ ਪਹਿਲਾਂ ਜਾਂ ਬਾਅਦ 'ਚ ਕੋਈ ਬਿਆਨ ਨਹੀਂ ਦਿੱਤਾ ਸੀ। ਵ੍ਹਾਈਟ ਹਾਊਸ ਨੇ ਕਿਹਾ ਕਿ ਆਪਣਾ ਭਵਿੱਖ ਤੈਅ ਕਰਨਾ ਬੰਗਲਾਦੇਸ ਦੇ ਲੋਕਾਂ ਦਾ ਵਿਸ਼ੇਸ਼ ਅਧਿਕਾਰ ਹੈ। ਜੀਨ-ਪੀਅਰੇ ਨੇ ਕਿਹਾ, "ਆਪਣੇ ਨੇਤਾ ਦੀ ਚੋਣ ਬੰਗਲਾਦੇਸ਼ੀ ਲੋਕਾਂ ਦੁਆਰਾ ਲਿਆ ਗਿਆ ਇੱਕ ਮਹੱਤਵਪੂਰਨ ਫ਼ੈਸਲਾ ਹੈ। ਸਾਡਾ ਮੰਨਣਾ ਹੈ ਕਿ ਬੰਗਲਾਦੇਸ਼ ਦੇ ਲੋਕਾਂ ਨੂੰ ਆਪਣੀ ਸਰਕਾਰ ਦੇ ਭਵਿੱਖ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੇ ਦੋਸ਼ਾਂ 'ਤੇ ਅਸੀਂ ਇਹ ਕਹਿੰਦੇ ਰਹਾਂਗੇ ਕਿ ਇਨ੍ਹਾਂ 'ਚ ਬਿਲਕੁਲ ਵੀ ਸੱਚਾਈ ਨਹੀਂ ਹੈ।

## ਟਰੰਪ ਦੀ ਚੋਣ ਮੁਹਿੰਮ ਦਾ ਦਾਅਵਾ, ਈਰਾਨ ਨੇ ਸੰਵੇਦਨਸ਼ੀਲ ਦਸਤਾਵੇਜ਼ ਕੀਤੇ ਚੋਰੀ



ਐਫ.ਬੀ.ਆਈ ਇਨ੍ਹਾਂ ਦੋਸ਼ਾਂ ਦੀ ਜਾਂਚ ਕਰ ਰਹੀ ਹੈ ਕਿ ਡੋਨਾਲਡ ਟਰੰਪ ਦੀ ਰਾਸ਼ਟਰਪਤੀ ਚੋਣ ਮੁਹਿੰਮ ਦੇ ਸੰਵੇਦਨਸ਼ੀਲ ਦਸਤਾਵੇਜ਼ਾਂ ਨੂੰ ਸਾਈਬਰ ਘੁਸਪੈਠ ਜ਼ਰੀਏ ਚੋਰੀ ਕੀਤਾ ਗਿਆ ਸੀ ਅਤੇ ਨਾਲ ਹੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਮੁਹਿੰਮ ਵਿਚ ਵੀ ਸੰਨ੍ਹਮਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਟਰੰਪ ਦੀ ਮੁਹਿੰਮ ਟੀਮ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਦੀ ਮੁਹਿੰਮ ਨੂੰ ਈਰਾਨ ਨੇ ਹੈਕ ਕਰ ਲਿਆ ਹੈ।

# ਰਾਜਸਥਾਨ ਦੇ ਮਸ਼ਹੂਰ ਸ਼ਿਵ ਮੰਦਰ



ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਦੀ ਤਰ੍ਹਾਂ, ਜੈਪੁਰ ਦਾ ਵੀ ਆਪਣਾ ਬਿਰਲਾ ਮੰਦਰ ਹੈ, ਜੋ ਰਾਜਸਥਾਨ ਦੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਮੰਦਰਾਂ ਵਿੱਚੋਂ ਇੱਕ ਹੈ। ਲਕਸ਼ਮੀ-ਨਾਰਾਇਣ ਮੰਦਿਰ ਵਜੋਂ ਵੀ ਜਾਣਿਆ ਜਾਂਦਾ ਹੈ, ਇਹ ਦੱਖਣੀ ਜੈਪੁਰ ਦੀ ਸਕਾਈਲਾਈਨ ਵਿੱਚ ਇੱਕ ਧਿਆਨ ਦੇਣ ਯੋਗ ਮੌਜੂਦਗੀ ਦਾ ਆਨੰਦ ਮਾਣਦਾ ਹੈ। ਇਹ ਹਰ ਸਮੇਂ ਇੱਕ ਤਾਜ਼ਗੀ ਵਾਲੀ ਦਿੱਖ ਪਾਉਂਦਾ ਹੈ, ਚਿੱਟੇ ਸੰਗਮਰਮਰ ਦਾ ਧੰਨਵਾਦ ਜਿਸ ਨਾਲ ਇਹ ਬਣਾਇਆ ਗਿਆ ਸੀ। 1998 ਵਿੱਚ ਖੁਸ਼ਹਾਲ ਬਿਰਲਾ ਪਰਿਵਾਰ ਦੁਆਰਾ ਬਣਾਇਆ ਗਿਆ, ਇਹ ਭਗਵਾਨ ਵਿਸ਼ਨੂੰ ਅਤੇ ਉਸਦੀ ਸਾਥੀ, ਦੇਵੀ ਲਕਸ਼ਮੀ ਨੂੰ ਸਮਰਪਿਤ ਹੈ, ਜੋ ਹਿੰਦੂ ਧਰਮ ਵਿੱਚ ਚੰਗੀ ਕਿਸਮਤ ਅਤੇ ਕਿਸਮਤ ਲਿਆਉਂਦੀ ਹੈ। ਇਸ ਮੰਦਰ ਬਾਰੇ ਹਰ ਚੀਜ਼ ਅਸਾਧਾਰਣ ਹੈ, ਹਰ ਕੋਨਾ ਸੰਪੂਰਨਤਾ ਦਾ ਕੰਮ ਹੈ। ਮੰਦਰ ਦੇ ਅੰਦਰ ਦੀਆਂ ਮੂਰਤੀਆਂ ਵਿੱਚ ਕਈ ਮਿਥਿਹਾਸਕ ਵਿਸ਼ੇ ਝਲਕਦੇ ਹਨ। ਉਨ੍ਹਾਂ ਵਿਚੋਂ ਇਕ ਲਕਸ਼ਮੀ ਅਤੇ ਨਾਰਾਇਣ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਨੂੰ ਸੰਗਮਰਮਰ ਦੇ ਇੱਕ ਟੁਕੜੇ ਤੋਂ ਉੱਕਰਿਆ ਗਿਆ ਹੈ, ਜੋ ਕਿ ਕੋਈ ਆਮ ਕਾਰਨਾਮਾ ਨਹੀਂ ਹੈ।



ਬੀਕਾਨੇਰ ਵਿੱਚ ਕਰਨੀ ਮਾਤਾ ਦਾ ਮੰਦਰ ਰਾਜਸਥਾਨ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਮੰਦਰਾਂ ਵਿੱਚੋਂ ਇੱਕ ਹੈ। ਇਹ ਅਸਥਾਨ ਦੇਵੀ ਮਾਤਾ ਕਰਨੀ ਨੂੰ ਸਮਰਪਿਤ ਹੈ, ਜਿਸ ਨੂੰ ਦੇਵੀ ਦੁਰਗਾ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਨੂੰ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਨੇ 20ਵੀਂ ਸਦੀ ਵਿੱਚ ਸ਼ਾਨਦਾਰ ਮੁਗਲ ਸ਼ੈਲੀ ਵਿੱਚ ਬਣਾਇਆ ਸੀ। ਚੂਹਿਆਂ ਤੋਂ ਇਲਾਵਾ, ਮਾਤਾ ਕਰਨੀ ਦੀ ਮੂਰਤੀ, ਜੋ ਕਿ ਲਗਭਗ 75 ਸੈਂਟੀਮੀਟਰ ਹੈ, ਇੱਕ ਵੱਡੀ ਭੀੜ ਖਿੱਚਣ ਵਾਲੀ ਹੈ। ਇਸ ਨੂੰ ਚੂਹੇ ਦੇ ਮੰਦਰ ਵਜੋਂ ਵੀ ਜਾਣਿਆ ਜਾਂਦਾ ਹੈ, ਕਿਉਂਕਿ ਇਸ ਮੰਦਰ ਵਿੱਚ ਚੂਹਿਆਂ ਨੂੰ ਸਭ ਤੋਂ ਵੱਧ ਸਤਿਕਾਰ ਦਿੱਤਾ ਜਾਂਦਾ ਹੈ। ਅਸਲ ਵਿੱਚ, ਉਨ੍ਹਾਂ ਦੀ ਪੂਜਾ ਮੰਦਰਾਂ ਦੇ ਹੋਰ ਦੇਵਤਿਆਂ ਵਾਂਗ ਹੀ ਕੀਤੀ ਜਾਂਦੀ ਹੈ। ਕਿਸੇ ਵੀ ਦਿਨ ਮੰਦਰ 'ਤੇ ਜਾਓ, ਅਤੇ ਤੁਸੀਂ ਇਸਦੇ ਅਹਾਤੇ ਦੇ ਆਲੇ ਦੁਆਲੇ ਸੈਂਕੜੇ ਚੂਹਿਆਂ ਨੂੰ ਘੁੰਮਦੇ ਦੇਖੋਗੇ. ਸ਼ਰਧਾਲੂ ਫਰਸ਼ 'ਤੇ ਦੁੱਧ ਦੇ ਕਟੋਰੇ ਰੱਖਦੇ ਹਨ, ਜਿਸ ਦਾ ਚੂਹੇ ਦੁਆਰਾ ਆਨੰਦ ਲਿਆ ਜਾਂਦਾ ਹੈ। ਬਾਅਦ ਵਿੱਚ, ਇਸ ਵਿੱਚੋਂ ਕੁਝ ਦਾ ਸੇਵਨ ਸ਼ਰਧਾਲੂਆਂ ਦੁਆਰਾ ਕੀਤਾ ਜਾਂਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਚੰਗੀ ਕਿਸਮਤ ਅਤੇ ਖੁਸ਼ਹਾਲੀ ਲਿਆਉਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ।



ਪੁਸ਼ਕਰ ਵਿੱਚ ਬ੍ਰਹਮਾ ਮੰਦਰ ਰਾਜਸਥਾਨ ਵਿੱਚ ਇੱਕ ਬਹੁਤ ਮਹੱਤਵਪੂਰਨ ਧਾਰਮਿਕ ਸੈਰ-ਸਪਾਟਾ ਸਥਾਨ ਹੈ। ਇਹ ਮੰਦਰ ਲਗਭਗ 2000 ਸਾਲ ਪੁਰਾਣਾ ਮੰਨਿਆ ਜਾਂਦਾ ਹੈ ਅਤੇ ਹਿੰਦੂ ਧਰਮ ਵਿੱਚ ਸ੍ਰਿਸ਼ਟੀ ਦੇ ਦੇਵਤਾ ਬ੍ਰਹਮਾ ਨੂੰ ਸਮਰਪਿਤ ਹੈ। ਹਾਲਾਂਕਿ ਪੁਸ਼ਕਰ ਵਿੱਚ ਲਗਭਗ 500 ਮੰਦਰ ਹਨ, ਬ੍ਰਹਮਾ ਮੰਦਰ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ। ਇਸ ਮੰਦਰ ਦਾ ਸ਼ਰਧਾਲੂਆਂ ਦੇ ਮਨਾਂ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਬ੍ਰਹਮਾ ਨੇ ਧਰਤੀ 'ਤੇ ਆ ਕੇ ਉਸੇ ਥਾਂ 'ਤੇ ਯੱਗ ਕੀਤਾ ਸੀ ਜਿੱਥੇ ਅੱਜ ਇਹ ਮੰਦਰ ਖੜ੍ਹਾ ਹੈ। ਮੰਦਿਰ ਦੇ ਪਾਵਨ ਅਸਥਾਨ ਵਿੱਚ ਭਗਵਾਨ ਬ੍ਰਹਮਾ ਦੀ ਪਤਨੀ ਗਾਇਤਰੀ ਦੇ ਨਾਲ ਦੀ ਮੂਰਤੀ ਹੈ। ਸੰਗਮਰਮਰ ਅਤੇ ਪੱਥਰ ਦੀਆਂ ਸਲੈਬਾਂ ਨਾਲ ਬਣਿਆ, ਇਸ ਦਾ ਸ਼ਿਖਾਰਾ (ਮੀਨਾਰ) ਦੂਰੋਂ ਦੇਖਿਆ ਜਾ ਸਕਦਾ ਹੈ। ਮੌਜੂਦਾ ਢਾਂਚਾ, ਜਿਵੇਂ ਕਿ ਇਹ ਅੱਜ ਖੜ੍ਹਾ ਹੈ, ਦਾ ਸਿਹਰਾ ਰਤਲਾਮ ਦੇ ਮਹਾਰਾਜਾ ਜਗਤ ਰਾਜ ਦੁਆਰਾ ਦਿੱਤਾ ਜਾ ਸਕਦਾ ਹੈ।



ਰਾਜਸਥਾਨ ਵਿੱਚ ਤੁਹਾਡੀ ਫੇਰੀ ਦੌਰਾਨ ਦੇਖਣ ਵਾਲੇ ਸਥਾਨਾਂ ਵਿੱਚੋਂ ਇੱਕ ਹੈ ਪਾਲੀ ਵਿੱਚ ਪਰਸ਼ੂਰਾਮ ਮਹਾਦੇਵ ਮੰਦਰ। ਇਹ ਮੰਦਰ, ਜੋ ਭਗਵਾਨ ਸ਼ਿਵ ਨੂੰ ਸਮਰਪਿਤ ਹੈ, ਪਾਲੀ ਅਤੇ ਰਾਜਸਮੰਦ ਜ਼ਿਲ੍ਹੇ ਦੀ ਸਰਹੱਦ 'ਤੇ ਸਥਿਤ ਹੈ। ਇਸ ਨਾਲ ਜੁੜੀ ਇਕ ਵਿਸ਼ੇਸ਼ ਪੌਰਾਣਿਕ ਕਥਾ ਕਾਰਨ ਇਹ ਮੰਦਰ ਸ਼ਰਧਾਲੂਆਂ ਦੇ ਮਨਾਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇੱਥੇ ਭਗਵਾਨ ਵਿਸ਼ਨੂੰ ਦੇ ਛੇਵੇਂ ਅਵਤਾਰ ਭਗਵਾਨ ਪਰਸ਼ੂਰਾਮ ਨੇ ਆਪਣੀ ਕੁਹਾੜੀ ਨਾਲ ਪੂਰੀ ਗੁਫਾ ਨੂੰ ਉੱਕਰਿਆ ਸੀ। ਇਹੀ ਕਾਰਨ ਹੈ ਕਿ ਇਸ ਮੰਦਰ ਨੂੰ ਅਮਰਨਾਥ ਗੁਫਾ ਮੰਦਰ ਵੀ ਕਿਹਾ ਜਾਂਦਾ ਹੈ, ਅਤੇ ਲਗਭਗ 3,995 ਫੁੱਟ ਦੀ ਉਚਾਈ 'ਤੇ ਸਥਿਤ ਹੈ। ਜਿਵੇਂ ਹੀ ਤੁਸੀਂ ਮੰਦਰ ਵਿੱਚ ਦਾਖਲ ਹੁੰਦੇ ਹੋ, ਤੁਹਾਨੂੰ ਭਗਵਾਨ ਗਣੇਸ਼ ਅਤੇ ਭਗਵਾਨ ਸ਼ਿਵ ਦੀਆਂ ਮੂਰਤੀਆਂ ਮਿਲਦੀਆਂ ਹਨ। ਮੰਦਰ ਦੀ ਇਕ ਹੋਰ ਵਿਸ਼ੇਸ਼ਤਾ ਨੌਂ ਕੁੰਡ ਹਨ, ਜੋ ਸ਼ਰਧਾਲੂਆਂ ਦਾ ਮੰਨਣਾ ਹੈ ਕਿ ਕਦੇ ਵੀ ਸੁੱਕਦਾ ਨਹੀਂ ਹੈ। ਗੁਫਾ ਤੱਕ ਪਹੁੰਚਣ ਲਈ, ਤੁਹਾਨੂੰ ਘੱਟੋ-ਘੱਟ 500 ਪੌੜੀਆਂ ਉਤਰਨੀਆਂ ਪੈਣਗੀਆਂ।



ਰਣਕਪੁਰ ਜੈਨ ਮੰਦਿਰ, ਉਦੈਪੁਰ ਸ਼ਹਿਰ ਤੋਂ ਲਗਭਗ 90 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਦੇਖਣ ਲਈ ਇਕ ਸ਼ਾਨਦਾਰ ਦ੍ਰਿਸ਼ ਹੈ। ਇਹ 48,000 ਵਰਗ, ਫੁੱਟ ਦੇ ਖੇਤਰ ਨੂੰ ਕਵਰ ਕਰਦਾ ਹੈ, ਇਸਦੀ ਆਰਕੀਟੈਕਚਰ ਆਕਾਰ ਅਤੇ ਸੁਹਜ ਦਾ ਸ਼ਾਨਦਾਰ ਮਿਸ਼ਰਨ ਹੈ। ਤੁਹਾਨੂੰ ਇਸਦੇ ਪ੍ਰਭਾਵਸ਼ਾਲੀ ਮਾਪਾਂ ਦਾ ਇੱਕ ਵਿਚਾਰ ਦੇਣ ਲਈ, ਇੱਥੇ ਕੁਝ ਅੰਕੜੇ ਹਨ। ਪੂਰਾ ਮੰਦਰ ਕੰਪਲੈਕਸ 1,444 ਉੱਕਰੀਆਂ ਥੰਮ੍ਹਾਂ ਅਤੇ 24 ਥੰਮ੍ਹਾਂ ਵਾਲੇ ਹਾਲਾਂ 'ਤੇ ਖੜ੍ਹਾ ਹੈ ਜੋ 400 ਕਾਲਮਾਂ ਦੁਆਰਾ ਸਮਰਥਤ 80 ਗੁੰਬਦਾਂ ਦੁਆਰਾ ਸਿਖਰ 'ਤੇ ਹਨ। ਭਗਵਾਨ ਆਦਿਨਾਥ (ਜੈਨ ਇਤਿਹਾਸ ਵਿੱਚ ਪਹਿਲੇ ਤੀਰਥੰਕਰ) ਦੀ ਇੱਕ 6 ਫੁੱਟ ਉੱਚੀ ਮੂਰਤੀ ਵੀ ਮੰਦਰ ਦੇ ਅੰਦਰ ਇੱਕ ਪ੍ਰਮੁੱਖ ਆਕਰਸ਼ਣ ਹੈ, ਜੋ ਕਿ ਮੁੱਖ ਮੰਦਰ ਕੰਪਲੈਕਸ ਦੇ ਸਭ ਤੋਂ ਵੱਡੇ ਸਿਰੇ ਦੇ ਹੇਠਾਂ ਸੁੰਦਰਤਾ ਨਾਲ ਬੈਠੀ ਹੈ। ਹੋਰ ਮੰਦਰ ਜੋ ਇਸ ਮੰਦਰ ਦੇ ਆਲੇ-ਦੁਆਲੇ ਹਨ, ਸੂਰਜ ਮੰਦਰ, ਚੌਮੁਖਾ ਮੰਦਰ, ਪਾਰਸ਼ਵਨਾਥ ਮੰਦਰ ਅਤੇ ਅੰਬਾ ਮਾਤਾ ਮੰਦਰ ਹਨ।



ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਸਥਿਤ ਨੀਲਕੰਠ ਮੰਦਿਰ, ਸਰਿਸਕਾ ਟਾਈਗਰ ਰਿਜ਼ਰਵ ਦੇ ਨੇੜੇ ਹੈ, ਜੋ ਰਾਜਸਥਾਨ ਵਿੱਚ ਦੇਖਣ ਲਈ ਚੋਟੀ ਦੇ ਸਥਾਨਾਂ ਵਿੱਚੋਂ ਇੱਕ ਹੈ। ਮੰਦਿਰ ਦਾ ਰਸਤਾ ਕੱਚਾ, ਖੜਾ ਅਤੇ ਕੱਚਾ ਹੈ, ਪਰ ਇਸ ਤੋਂ ਬਾਅਦ ਤੁਹਾਨੂੰ ਕੀ ਉਡੀਕਣਾ ਚਾਹੀਦਾ ਹੈ ਜੋ ਮਿਹਨਤ ਦੇ ਯੋਗ ਹੈ। ਜਿਸ ਨੂੰ ਨੀਲਕੰਠ ਮੰਦਿਰ ਕਿਹਾ ਜਾਂਦਾ ਹੈ, ਅਸਲ ਵਿੱਚ, ਇੱਕ ਮੰਦਰ ਕੰਪਲੈਕਸ ਹੈ ਜਿਸ ਵਿੱਚ ਕਈ ਮੰਦਰ ਹਨ। ਮੁੱਖ ਮੰਦਰ, ਹਾਲਾਂਕਿ, ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਲਗਭਗ ਸਾਰੇ ਮੰਦਰ ਉੱਤਰ ਭਾਰਤੀ ਆਰਕੀਟੈਕਚਰ ਦੀ ਸ਼ੈਲੀ ਵਿੱਚ ਬਣਾਏ ਗਏ ਹਨ, ਜਿਸ ਦੀ ਵਿਸ਼ੇਸ਼ਤਾ ਸ਼ਿਖਾਰਾ, ਉੱਚ ਢਾਂਚਾ ਅਤੇ ਇੱਕ ਗੋਲਾ ਹੈ। ਮੰਦਰ ਦੀ ਉਸਾਰੀ ਦਾ ਸਿਹਰਾ ਮਹਾਰਾਜਾਧੀਰਾਜ (ਰਾਜਿਆਂ ਦਾ ਰਾਜਾ) ਮਥਨਦੇਵ ਨੂੰ ਜਾਂਦਾ ਹੈ। ਮੰਦਰ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਜੈਨ ਤੀਰਥੰਕਰ ਸ਼ਾਂਤੀਨਾਥ ਦੀ ਇਕ ਵਿਸ਼ਾਲ ਪੱਥਰ ਦੀ ਮੂਰਤੀ ਹੈ।